Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 106 | 01/09/2025 | www.samajweekly.com | samajweekly | @samajweekly | samajweekly

# ਪੰਜਾਬ ਵਿਚ ਅਜੇ ਰੁਕੀ ਨਹੀਂ ਤਬਾਹੀ

## ਗੁਰਦਾਸਪੁਰ ਵਿੱਚ ਧੁੱਸੀ ਬੰਨ੍ਹ ਟੁੱਟਿਆ,ਅੱਜ ਕਈ ਜ਼ਿਲ੍ਹਿਆਂ ਵਿਚ ਭਾਰੀ ਮੀਂਹ ਲਈ ਅਲਰਟ ਜਾਰੀ



**ਚੰਡੀਗੜ੍ਹ।** ਪੰਜਾਬ ਦੇ 9 ਜ਼ਿਲ੍ਹੇ ਹੜ੍ਹਾਂ ਦੀ ਲਪੇਟ ਵਿੱਚ ਹਨ। ਕੁੱਲ 1018 ਪਿੰਡ ਪ੍ਰਭਾਵਿਤ ਹੋਏ ਹਨ। ਲੋਕਾਂ ਦੇ ਘਰ ਅਤੇ ਖੇਤ ਪਾਣੀ ਵਿੱਚ ਡੁੱਬ ਗਏ ਹਨ। ਘਰਾਂ ਤੋਂ ਲੈ ਕੇ ਫ਼ਸਲਾਂ ਤੱਕ ਹਰ ਚੀਜ਼ ਨੂੰ ਭਾਰੀ ਨੁਕਸਾਨ ਹੋਇਆ ਹੈ। ਸਰਕਾਰ, ਐਨਡੀਆਰਐਫ ਦੀਆਂ 11 ਟੀਮਾਂ ਅਤੇ ਚਾਰ ਜ਼ਿਲ੍ਹਿਆਂ ਵਿੱਚ ਫ਼ੌਜ ਦੀਆਂ ਟੀਮਾਂ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ। ਇਸ ਦੌਰਾਨ, ਮੌਸਮ ਵਿਭਾਗ ਨੇ ਅੱਜ ਰਾਜ ਦੇ ਕੁਝ ਥਾਵਾਂ 'ਤੇ ਭਾਰੀ ਮੀਂਹ ਲਈ ਔਰੇਂਜ ਅਲਰਟ ਜਾਰੀ ਕੀਤਾ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਮਾਨਸਾ, ਸੰਗਰੂਰ , ਲੁਧਿਆਣਾ, ਮੋਗਾ, ਜਲੰਧਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ ਤੇ ਰੂਪਨਗਰ ਸ਼ਾਮਲ ਹਨ।

ਰਾਵੀ ਨਦੀ ਦੇ ਵਧਦੇ ਪਾਣੀ ਦੇ ਪੱਧਰ ਕਾਰਨ ਗੁਰਦਾਸਪੁਰ ਦੇ ਘੋਨੇਵਾਲੇ ਵਿੱਚ ਧੁੱਸੀ ਬੰਨ੍ਹ ਟੁੱਟ ਗਿਆ। ਇਸ ਕਾਰਨ ਪਾਣੀ ਲਗਭਗ 15 ਕਿਲੋਮੀਟਰ ਦੂਰ ਅਜਨਾਲਾ ਸ਼ਹਿਰ ਤੱਕ ਪਹੁੰਚ ਗਿਆ। ਇਸ ਹੜ੍ਹ ਕਾਰਨ 80 ਪਿੰਡ ਪਾਣੀ ਵਿੱਚ ਡੁੱਬ ਗਏ ਹਨ।

ਫਾਜ਼ਿਲਕਾ ਜ਼ਿਲ੍ਹੇ ਵਿੱਚ 16,632 ਹੈਕਟੇਅਰ (41,099 ਏਕੜ) ਜ਼ਮੀਨ ਹੜ੍ਹਾਂ ਨਾਲ ਪ੍ਰਭਾਵਿਤ ਹੋਈ ਹੈ। ਇਸ ਤੋਂ ਇਲਾਵਾ ਫ਼ਿਰੋਜ਼ਪੁਰ ਵਿੱਚ 10,806 ਹੈਕਟੇਅਰ, ਕਪੂਰਥਲਾ ਵਿੱਚ 11,620, ਪਠਾਨਕੋਟ ਵਿੱਚ 7,000, ਤਰਨਤਾਰਨ ਵਿੱਚ 9,928 ਅਤੇ ਹੁਸ਼ਿਆਰਪੁਰ ਵਿੱਚ 5,287 ਹੈਕਟੇਅਰ ਫਸਲਾਂ ਨੂੰ ਨੁਕਸਾਨ ਪਹੁੰਚਿਆ ਹੈ। ਰਾਹਤ ਟੀਮਾਂ ਨੇ ਹੁਣ ਤੱਕ 11,330 ਲੋਕਾਂ ਨੂੰ ਹੜ੍ਹਾਂ ਵਿੱਚੋਂ ਬਚਾਇਆ ਹੈ। ਇਨ੍ਹਾਂ ਵਿੱਚ ਫਿਰੋਜ਼ਪੁਰ ਤੋਂ 2,819, ਹੁਸ਼ਿਆਰਪੁਰ ਤੋਂ 1,052, ਕਪੂਰਥਲਾ ਤੋਂ 240, ਗੁਰਦ-ਾਸਪੁਰ ਤੋਂ 4,771, ਮੋਗਾ ਤੋਂ 24, ਪਠਾਨਕੋਟ ਤੋਂ 1,100, ਤਰਨਤਾਰਨ ਤੋਂ 60, ਬਰਨਾਲਾ ਤੋਂ 25 ਅਤੇ ਫਾਜ਼ਿਲਕਾ ਤੋਂ 1,239 ਸ਼ਾਮਲ ਹਨ। ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਸਥਾਪਤ ਕੁੱਲ 87 ਰਾਹਤ ਕੈਂਪਾਂ ਵਿੱਚੋਂ 77 ਇਸ ਸਮੇਂ ਸਰਗਰਮ ਹਨ। ਇਨ੍ਹਾਂ ਵਿੱਚ 4,729 ਲੋਕ ਰਹਿ ਰਹੇ ਹਨ।

## ਉਤਰਾਖੰਡ ’ਚ ਬਿਜਲੀ ਪ੍ਰਾਜੈਕਟ ਦੀ ਸੁਰੰਗ ’ਚ 11 ਜਣੇ ਫਸੇ

**ਨਵੀਂ ਦਿੱਲੀ ।** ਭਾਰਤ ਦੇ ਕੁੱਝ ਹਿੱਸਿਆਂ ’ਚ ਐਤਵਾਰ ਨੂੰ ਹੋਈ ਤਾਜ਼ਾ ਮੀਂਹ ਨੇ ਹੜ੍ਹ ਪ੍ਰਭਾਵਤ ਕੁੱਝ ਸੂਬਿਆਂ ਦੀਆਂ ਮੁਸ਼ਕਲਾਂ ਵਧਾ ਦਿਤੀਆਂ ਹਨ, ਜਿੱਥੇ ਦਰਿਆਵਾਂ ’ਚੋਂ ਨਿਕਲਿਆ ਪਾਣੀ ਨਵੇਂ ਇਲਾਕਿਆਂ ’ਚ ਫੈਲ ਗਿਆ, ਸੜਕਾਂ ਬੰਦ ਹੋ ਗਈਆਂ ਹਨ ਅਤੇ ਵਿਦਿਅਕ ਸੰਸਥਾਵਾਂ ’ਚ ਛੁੱਟੀਆਂ ਕਰ ਦਿਤੀਆਂ ਗਈਆਂ ਹਨ।

ਉਤਰਾਖੰਡ ਦੇ ਪਿਥੌਰਾਗੜ੍ਹ ’ਚ ਮੀਂਹ ਕਾਰਨ ਜ਼ਮੀਨ ਖਿਸਕਣ ਦੇ ਨਤੀਜੇ ਵਜੋਂ ਇਕ ਬਿਜਲੀ ਪ੍ਰਾਜੈਕਟ ਦੀਆਂ ਸੁਰੰਗਾਂ ਬੰਦ ਹੋ ਗਈਆਂ, ਜਿਸ ’ਚ 11 ਲੋਕ ਫਸ ਗਏ। ਭਾਰੀ ਮੀਂਹ ਕਾਰਨ ਜ਼ਮੀਨ ਖਿਸਕਣ ਕਾਰਨ ਧੌਲੀਗੰਗਾ ਪਾਵਰ ਪ੍ਰਾਜੈਕਟ ਦੀਆਂ ਆਮ ਅਤੇ ਐਮਰਜੈਂਸੀ ਸੁਰੰਗਾਂ ਬੰਦ ਹੋ ਗਈਆਂ, ਜਿਸ ਕਾਰਨ ਨੈਸ਼ਨਲ ਹਾਈਡ੍ਰੋਇਲੈਕਟ੍ਰਿਕ ਪਾਵਰ ਕਾਰਪੋਰੇਸ਼ਨ ਲਿਮਟਿਡ (ਐੱਨ.ਐੱਚ.ਪੀ.ਸੀ.) ਦੇ 11 ਕਰਮਚਾਰੀ ਇਕ ਪਾਵਰ ਹਾਊਸ ’ਚ ਫਸ ਗਏ। ਅਧਿਕਾਰੀਆਂ ਨੇ ਦਸਿਆ ਕਿ ਸ਼ੁਰੂਆਤ ’ਚ 19 ਲੋਕ ਫਸੇ ਹੋਏ ਸਨ ਪਰ ਪ੍ਰਸ਼ਾਸਨ ਨੇ ਉਨ੍ਹਾਂ ਵਿਚੋਂ 8 ਲੋਕਾਂ ਨੂੰ ਬਚਾਇਆ। ਇਕ ਅਧਿਕਾਰੀ ਨੇ ਦਸਿਆ ਕਿ ਮਲਬੇ ਨੂੰ ਸਾਫ ਕਰਨ ਲਈ ਸਰਹੱਦੀ ਸੜਕ ਸੰਗਠਨ ਦੀਆਂ ਜੇ.ਸੀ.ਬੀ. ਮਸ਼ੀਨਾਂ ਅਤੇ ਇਕ ਢੋਆ-ਢੁਆਈ ਕਰਨ ਵਾਲੀ ਕੰਪਨੀ ਤਾਇਨਾਤ ਕੀਤੀ ਗਈ ਹੈ।ਹਿਮਾਚਲ ਪ੍ਰਦੇਸ਼ ’ਚ ਮੌਸਮ ਵਿਭਾਗ ਨੇ ਅਗਲੇ ਤਿੰਨ ਦਿਨਾਂ ਵਿਚ ਬਹੁਤ ਭਾਰੀ ਤੋਂ ਬਹੁਤ ਭਾਰੀ ਮੀਂਹ ਦਾ ‘ਰੈੱਡ’ ਅਲਰਟ ਜਾਰੀ ਕੀਤਾ ਹੈ ਅਤੇ ਜ਼ਮੀਨ ਖਿਸਕਣ, ਹੜ੍ਹ ਅਤੇ ਜ਼ਮੀਨ ਡਿੱਗਣ ਦੀ ਚੇਤਾਵਨੀ ਦਿਤੀ ਹੈ। ਹਿਮਾਚਲ ਪ੍ਰਦੇਸ਼ ਵਿਚ ਅਧਿਕਾਰੀਆਂ ਨੇ ਦਸਿਆ ਕਿ ਜ਼ਮੀਨ ਖਿਸਕਣ ਅਤੇ ਹੜ੍ਹਾਂ ਨੇ ਸੂਬੇ ਦੇ ਕਈ ਹਿੱਸਿਆਂ ’ਚ ਤਬਾਹੀ ਮਚਾਈ ਹੈ, ਜਿਸ ਕਾਰਨ ਐਤਵਾਰ ਸਵੇਰੇ ਤਿੰਨ ਕੌਮੀ ਰਾਜਮਾਰਗਾਂ ਸਮੇਤ 666 ਸੜਕਾਂ ਬੰਦ ਕਰ ਦਿਤੀਆਂ ਗਈਆਂ। ਰਾਜ ਐਮਰਜੈਂਸੀ ਆਪਰੇਸ਼ਨ ਸੈਂਟਰ ਨੇ ਦਸਿਆ ਕਿ 20 ਜੂਨ ਤੋਂ 30 ਅਗੱਸਤ ਤਕ ਹਿਮਾਚਲ ਪ੍ਰਦੇਸ਼ ’ਚ 91 ਹੜ੍ਹ, 45 ਬੱਦਲ ਫਟਣ ਅਤੇ 95 ਵੱਡੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ ਹਨ। ਸੂਬੇ ਨੂੰ ਇਸ ਮਾਨਸੂਨ ਦੌਰਾਨ 3,056 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਅਤੇ ਮੀਂਹ ਨਾਲ ਸਬੰਧਤ ਘਟਨਾਵਾਂ ਅਤੇ ਸੜਕ ਹਾਦਸਿਆਂ ’ਚ 320 ਲੋਕਾਂ ਦੀ ਮੌਤ ਹੋ ਚੁਕੀ ਹੈ।ਜਦਕਿ ਤਾਮਿਲਨਾਡੂ ਦੇ ਚੇਨਈ ਨੇੜੇ ਬੱਦਲ ਫਟਣ ਕਾਰਨ ਸ਼ਹਿਰ ਵਿਚ ਭਾਰੀ ਬਾਰਸ਼ ਹੋਈ ਅਤੇ ਉਡਾਣਾਂ ਦਾ ਮਾਰਗ ਬਦਲਣਾ ਪਿਆ। ਖੇਤਰੀ ਮੌਸਮ ਵਿਗਿਆਨ ਕੇਂਦਰ ਨੇ ਦਸਿਆ ਕਿ ਤਾਮਿਲਨਾਡੂ ਦੀ ਰਾਜਧਾਨੀ ਚੇਨਈ ’ਚ ਰਾਤ ਭਰ ਭਾਰੀ ਬਾਰਸ਼ ਹੋਈ ਅਤੇ ਉੱਤਰੀ ਗੁਆਂਢੀ ਸ਼ਹਿਰ ਮਨਾਲੀ ’ਚ ਬੱਦਲ ਫਟਣ ਦੀ ਘਟਨਾ ਵਾਪਰੀ। ਹਵਾਈ ਅੱਡੇ ਦੇ ਅਧਿਕਾਰੀਆਂ ਮੁਤਾਬਕ ਚੇਨਈ ਹਵਾਈ ਅੱਡੇ ਉਤੇ ਪਹੁੰਚਣ ਵਾਲੀਆਂ ਕੁੱਝ ਉਡਾਣਾਂ ਨੂੰ ਬੈਂਗਲੁਰੂ ਵਲ ਮੋੜ ਦਿਤਾ ਗਿਆ।

# ਬਿਆਸ ਦਰਿਆ 'ਚ ਪਾਣੀ ਦਾ ਪੱਧਰ ਹੋਰ ਵਧਿਆ ਪ੍ਰਸ਼ਾਸਨ ਨੇ ਅਲਰਟ ਕੀਤਾ ਜਾਰੀ

**ਕਪੂਰਥਲਾ** । ਪਹਾੜੀ ਇਲਾਕਿਆਂ ’ਚ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਕਾਰਨ ਬਿਆਸ ਦਰਿਆ ’ਚ ਪਾਣੀ ਦੇ ਵਧੇ ਪੱਧਰ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਨੇ ਅਲਰਟ ਜਾਰੀ ਕਰਦਿਆਂ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਆਉਣ ਦੀ ਅਪੀਲ ਕੀਤੀ ਹੈ। ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਭਾਰੀ ਮੀਂਹ ਕਾਰਨ ਬਿਆਸ ਦਰਿਆ ਵਿਚ ਪਾਣੀ ਦਾ ਪੱਧਰ 2.35 ਲੱਖ ਕਿਊਸਕ ਹੋ ਗਿਆ ਹੈ, ਜਿਸ ਕਾਰਨ ਨੀਂਵੇ ਖੇਤਰਾਂ ’ਚ ਰਹਿ ਰਹੇ ਲੋਕਾਂ ਨੂੰ ਤੁਰੰਤ ਸੁਰੱਖਿਅਤ ਥਾਵਾਂ ਉਪਰ ਆ ਜਾਣ ਦੀ ਅਪੀਲ ਪ੍ਰਸ਼ਾਸਨ ਵੱਲੋਂ ਕੀਤੀ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਮੌਸਮ ਵਿਭਾਗ ਵੱਲੋਂ ਕਪੂਰਥਲਾ ਜ਼ਿਲ੍ਹੇ ਵਿੱਚ ਭਾਰੀ ਮੀਂਹ ਦਾ ਅਲਰਟ ਜਾਰੀ ਕੀਤਾ ਗਿਆ ਹੈ। ਬੀਤੀ ਰਾਤ ਤੋਂ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਕਾਰਨ ਬਿਆਸ ਦਰਿਆ ਵਿੱਚ ਪਾਣੀ ਦਾ ਪੱਧਰ ਵੱਧ ਰਿਹਾ ਹੈ। ਪੰਚਾਲ ਨੇ ਕਿਹਾ ਕਿ ਲੋਕਾਂ ਦੀ ਜਾਨ ਦੀ ਰਾਖੀ ਪ੍ਰਸ਼ਾਸਨ ਦੀ ਪਹਿਲ ਹੈ, ਜਿਸ ਕਰਕੇ ਪ੍ਰਭਾਵਿਤ ਖੇਤਰਾਂ ਵਿੱਚੋਂ ਲੋਕ ਸੁਰੱਖਿਅਤ ਥਾਵਾਂ ਉਪਰ ਆਉਣ। ਉਨ੍ਹਾਂ ਕਿਹਾ ਕਿ ਆਰਮੀ ਤੇ ਐਸ ਡੀ ਆਰ ਐਫ ਦੀਆਂ ਟੀਮਾਂ ਵੱਲੋਂ ਲਗਾਤਾਰ ਲੋਕਾਂ ਨੂੰ ਸੁਰੱਖਿਅਤ ਬਾਹਰ ਲਿਆਂਦਾ ਜਾ ਰਿਹਾ ਹੈ । ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ ਤਾਂ ਜ਼ਿਲ੍ਹਾ ਪ੍ਰਸਾਸਨ ਦੇ ਹੈੱਲਪਲਾਈਨ ਨੰਬਰਾਂ ’ਤੇ ਤੁਰੰਤ ਸੰਪਰਕ ਕੀਤਾ ਜਾਵੇ। ਜ਼ਿਲ੍ਹਾ ਪ੍ਰਸ਼ਾਸਨ ਦਾ ਕੰਟਰੋਲ ਰੂਮ ਨੰਬਰ 62800-49331, 01822-231990 ਅਤੇ ਸੁਲਤਾਨਪੁਰ ਲੋਧੀ ਸਬ ਡਵੀਜ਼ਨ ਦੇ ਹੜ੍ਹ ਰੋਕੂ ਕੰਟਰੋਲ ਰੂਮ 01828-222169 24 ਘੰਟੇ ਕਾਰਜਸ਼ੀਲ ਹਨ।



## ਪੰਜਾਬ ਦੇ ਸਾਰੇ ਸਕੂਲਾਂ ’ਚ 3 ਸਤੰਬਰ ਤੱਕ ਵਧੀਆਂ ਛੁੱਟੀਆਂ



**ਮਾਨਸਾ।** ਪੰਜਾਬ ਵਿਚ ਹੜ੍ਹਾਂ ਦੀ ਸਥਿਤੀ ਵਿਚ ਕੋਈ ਸੁਧਾਰ ਨਾ ਹੋਣ ਤੋਂ ਬਾਅਦ ਅੱਜ ਪੰਜਾਬ ਸਰਕਾਰ ਨੇ 3 ਸਤੰਬਰ ਤੱਕ ਰਾਜ ਦੇ ਸਾਰੇ ਸਕੂਲਾਂ ਵਿਚ ਛੁੱਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਛੁੱਟੀਆਂ ਸਬੰਧੀ ਐਲਾਨ ਸੂਬੇ ਦੇ ਸਿਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਆਪਣੇ ਟਵੀਟ ਵਿਚ ਕੀਤਾ ਗਿਆ ਹੈ।

VACANCY
URGENT REQUIREMENT
Company Name - Rk Drafting Hub
Working Place - Office In Nakodar
2 Hiring For
Architecture Draftperson Or Civil Engineer.
Starting Salary Rs. 15000 Per Month.
Exprience Requirement -
Auto Cad (Must Required) Sketch Up
Do not call, only send the CV
on Whatsapp number - 98723 76093
Email: rk_drafting_hub@outlook.com

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਪੰਜਾਬ ਹੜ੍ਹ: ਮੁੱਖ ਮੰਤਰੀ ਮਾਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਪੱਤਰ ਲਿਖ ਕੇ ਬਕਾਇਆ 60,000 ਕਰੋੜ ਮੰਗੇ



**ਚੰਡੀਗੜ।** ਮੁੱਖ ਮੰਤਰੀ ਭਗਵੰਤ ਮਾਨ ਨੇ ਦਹਾਕਿਆਂ ਦੀ ਸਭ ਤੋਂ ਭਿਆਨਕ ਹੜ੍ਹ ਆਫ਼ਤ ਕਾਰਨ ਪੰਜਾਬ ਦੀ ਦੁਰਦਸ਼ਾ ਨੂੰ ਉਜਾਗਰ ਕਰਦੇ ਹੋਏ ਐਤਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਉਨ੍ਹਾਂ ਨੂੰ ‘ਰਾਜ ਦੇ ਫੰਡਾਂ’ ਵਿੱਚੋਂ 60,000 ਕਰੋੜ ਰੁਪਏ ਜਾਰੀ ਕਰਨ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਇਹ ਫੰਡ ਕੇਂਦਰ ਕੋਲ ‘ਬਕਾਇਆ’ ਪਏ ਹਨ। ਮਾਨ ਨੇ ਰਾਜ ਆਫ਼ਤ ਰਿਸਪਾਂਸ ਫੰਡ ਵਿੱਚ ਉਪਲਬਧ ਫੰਡਾਂ ਲਈ ਨਿਯਮਾਂ ਵਿੱਚ ਸੋਧ ਦੀ ਵੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹੜ੍ਹਾਂ ਦੀ ਮਾਰ ਝੱਲਣ ਵਾਲੇ ਕਿਸਾਨਾਂ ਨੂੰ ਘੱਟੋ-ਘੱਟ 50,000 ਰੁਪਏ ਪ੍ਰਤੀ ਏਕੜ ਦਾ ਭੁਗਤਾਨ ਕਰਨਾ ਚਾਹੁੰਦੀ ਹੈ। ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦੇ ਕੈਚਮੈਂਟ ਖੇਤਰਾਂ ਵਿੱਚ ਭਾਰੀ ਮੀਂਹ ਕਾਰਨ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਅਤੇ ਮੌਸਮੀ ਨਾਲਿਆਂ ਵਿੱਚ ਪਾਣੀ ਭਰ ਜਾਣ ਕਾਰਨ ਪੰਜਾਬ ਗੰਭੀਰ ਹੜ੍ਹਾਂ ਦੀ ਮਾਰ ਹੇਠ ਹੈ। ਪ੍ਰਧਾਨ ਮੰਤਰੀ ਮੋਦੀ ਨੂੰ ਲਿਖੇ ਪੱਤਰ ਵਿੱਚ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਇਸ ਸਮੇਂ ਦਹਾਕਿਆਂ ਵਿੱਚ ਸਭ ਤੋਂ ਭਿਆਨਕ ਹੜ੍ਹ ਆਫ਼ਤਾਂ ਵਿੱਚੋਂ ਇੱਕ ਨਾਲ ਜੂਝ ਰਿਹਾ ਹੈ, ਜਿਸ ਨਾਲ ਕਰੀਬ 1,000 ਪਿੰਡ ਅਤੇ ਲੱਖਾਂ ਲੋਕ ਅਸਰਅੰਦਾਜ਼ ਹੋਏ ਹਨ। ਭਾਰੀ ਮਾਨਸੂਨ ਬਾਰਿਸ਼, ਡੈਮਾਂ ਤੋਂ ਪਾਣੀ ਛੱਡਣ ਦੇ ਨਾਲ, ਸੱਤ ਜ਼ਿਲ੍ਹਿਆਂ, ਗੁਰਦਾਸਪੁਰ, ਕਪੂਰਥਲਾ, ਅੰਮ੍ਰਿਤਸਰ, ਪਠਾਨਕੋਟ, ਫਿਰੋਜ਼ਪੁਰ, ਫਾਜ਼ਿਲਕਾ ਅਤੇ ਹੁਸ਼ਿਆਰਪੁਰ ਵਿੱਚ ਵਿਆਪਕ ਹੜ੍ਹਾਂ ਦਾ ਕਾਰਨ ਬਣੀਆਂ ਹਨ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਮੌਸਮ ਵਿਭਾਗ ਵੱਲੋਂ ਵੱਡੀ ਚਿਤਾਵਨੀ, ਸਤੰਬਰ ਮਹੀਨੇ 'ਚ ਪਵੇਗਾ ਰਿਕਾਰਡ ਤੋੜ ਮੀਂਹ

**ਨਵੀਂ ਦਿੱਲੀ** । ਦੇਸ਼ ਦੇ ਕਈ ਹਿੱਸਿਆਂ 'ਚ ਭਾਰੀ ਮੀਂਹ ਕਾਰਨ ਪਹਿਲਾਂ ਹੀ ਕਈ ਆਫ਼ਤਾਂ ਦਾ ਸਾਹਮਣਾ ਕਰ ਰਹੇ ਭਾਰਤ 'ਚ ਸਤੰਬਰ ਦੌਰਾਨ ਆਮ ਨਾਲੋਂ ਜ਼ਿਆਦਾ ਮੀਂਹ ਪੈਣ ਦੀ ਸੰਭਾਵਨਾ ਹੈ। ਭਾਰਤੀ ਮੌਸਮ ਵਿਭਾਗ (ਆਈ.ਐਮ.ਡੀ.) ਨੇ ਐਤਵਾਰ ਨੂੰ ਕਿਹਾ ਕਿ ਸਤੰਬਰ 2025 ਵਿਚ ਮਹੀਨਾਵਾਰ ਔਸਤ ਮੀਂਹ 167.9 ਮਿਲੀਮੀਟਰ ਦੇ ਲੰਮੇ ਸਮੇਂ ਦੇ ਔਸਤ ਦੇ 109 ਫ਼ੀ ਸਦੀ ਤੋਂ ਵੱਧ ਹੋਣ ਦੀ ਉਮੀਦ ਹੈ। ਪੇਸ਼ਨਗੋਈ ਮੁਤਾਬਕ ਜ਼ਿਆਦਾਤਰ ਇਲਾਕਿਆਂ ਵਿਚ ਆਮ ਤੋਂ ਲੈ ਕੇ ਆਮ ਤੋਂ ਵੱਧ ਮੀਂਹ ਪਵੇਗਾ, ਜਦਕਿ ਉੱਤਰ-ਪੂਰਬ ਅਤੇ ਪੂਰਬ ਦੇ ਕੁੱਝ ਹਿੱਸਿਆਂ, ਦਖਣੀ ਪ੍ਰਾਇਦੀਪ ਭਾਰਤ ਦੇ ਕਈ ਇਲਾਕਿਆਂ ਅਤੇ ਉੱਤਰ-ਪਛਮੀ ਭਾਰਤ ਦੇ ਕੁੱਝ ਹਿੱਸਿਆਂ 'ਚ ਆਮ ਤੋਂ ਘੱਟ ਮੀਂਹ ਪੈਣ ਦੀ ਸੰਭਾਵਨਾ ਹੈ। ਆਈ.ਐਮ.ਡੀ. ਦੇ ਡਾਇਰੈਕਟਰ ਜਨਰਲ ਮ੍ਰਿਤਿਊਂਜੈ ਮਹਾਪਾਤਰਾ ਨੇ ਚੇਤਾਵਨੀ ਦਿਤੀ ਹੈ ਕਿ ਭਾਰੀ ਮੀਂਹ ਕਾਰਨ ਸਤੰਬਰ ਦੌਰਾਨ ਉਤਰਾਖੰਡ ਵਿਚ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰ ਸਕਦੀ



ਹਨ ਅਤੇ ਹੜ੍ਹ ਆ ਸਕਦੇ ਹਨ। ਦਖਣੀ ਹਰਿਆਣਾ, ਦਿੱਲੀ ਅਤੇ ਉੱਤਰੀ ਰਾਜਸਥਾਨ ਵਿਚ ਵੀ ਆਮ ਜਨਜੀਵਨ ਪ੍ਰਭਾਵਤ ਹੋ ਸਕਦਾ ਹੈ। ਉਨ੍ਹਾਂ ਕਿਹਾ, ''ਬਹੁਤ ਸਾਰੀਆਂ ਨਦੀਆਂ ਉਤਰਾਖੰਡ ਤੋਂ ਨਿਕਲਦੀਆਂ ਹਨ। ਇਸ ਲਈ, ਭਾਰੀ ਮੀਂਹ ਦਾ ਮਤਲਬ ਹੈ ਕਿ ਬਹੁਤ ਸਾਰੀਆਂ ਨਦੀਆਂ ਵਿਚ ਹੜ੍ਹ ਆ ਜਾਵੇਗਾ ਅਤੇ ਇਹ ਹੇਠਲੇ ਸ਼ਹਿਰਾਂ ਅਤੇ ਕਸਬਿਆਂ ਨੂੰ ਪ੍ਰਭਾਵਤ ਕਰੇਗਾ। ਇਸ ਲਈ ਸਾਨੂੰ ਇਸ ਨੂੰ ਧਿਆਨ 'ਚ ਰਖਣਾ ਚਾਹੀਦਾ ਹੈ।'' ਉਨ੍ਹਾਂ ਕਿਹਾ ਕਿ ਛੱਤੀਸਗੜ੍ਹ ਵਿਚ ਮਹਾਨਦੀ ਨਦੀ ਦੇ ਉੱਪਰਲੇ ਕੈਚਮੈਂਟ ਖੇਤਰਾਂ ਵਿਚ ਵੀ ਭਾਰੀ ਮੀਂਹ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਕਿਹਾ ਕਿ ਸਤੰਬਰ ਦੌਰਾਨ ਪਛਮੀ-ਮੱਧ, ਉੱਤਰ-ਪਛਮੀ ਅਤੇ ਦਖਣੀ ਭਾਰਤ ਦੇ ਕਈ ਇਲਾਕਿਆਂ ਵਿਚ ਮਹੀਨਾਵਾਰ ਔਸਤ ਵੱਧ ਤੋਂ ਵੱਧ ਤਾਪਮਾਨ ਵੀ ਆਮ ਤੋਂ ਘੱਟ ਰਹਿਣ ਦੀ ਉਮੀਦ ਹੈ। ਆਈ.ਐਮ.ਡੀ. ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਭਾਰਤ ਵਿਚ 1 ਜੂਨ ਤੋਂ 31 ਅਗੱਸਤ ਦੇ ਵਿਚਕਾਰ 743.1 ਮਿਲੀਮੀਟਰ ਮੀਂਹ ਪਿਆ, ਜੋ ਲੰਮੇ ਸਮੇਂ ਦੇ ਔਸਤ 700.7 ਮਿਲੀਮੀਟਰ ਤੋਂ ਲਗਭਗ 6 ਫ਼ੀ ਸਦੀ ਵੱਧ ਹੈ। ਜੂਨ 'ਚ 180 ਮਿਲੀਮੀਟਰ ਮੀਂਹ ਪਿਆ, ਜੋ ਆਮ ਨਾਲੋਂ 9 ਫ਼ੀ ਸਦੀ ਜ਼ਿਆਦਾ ਹੈ। ਜੁਲਾਈ 'ਚ 294.1 ਮਿਲੀਮੀਟਰ ਮੀਂਹ ਪਿਆ, ਜੋ ਆਮ ਨਾਲੋਂ ਲਗਭਗ 5 ਫ਼ੀ ਸਦੀ ਜ਼ਿਆਦਾ ਹੈ। ਅਗੱਸਤ 'ਚ 268.1 ਮਿਲੀਮੀਟਰ ਮੀਂਹ ਦਰਜ ਕੀਤੀ ਗਿਆ, ਜੋ ਆਮ ਨਾਲੋਂ 5.2 ਫ਼ੀ ਸਦੀ ਜ਼ਿਆਦਾ ਹੈ।

## ਜੰਮੂ-ਕਸ਼ਮੀਰ ਦੇ ਪੁੰਛ ਵਿੱਚ 2 ਅਤਿਵਾਦੀ ਗ੍ਰਿਫ਼ਤਾਰ, 2 ਰਾਈਫ਼ਲਾਂ ਅਤੇ ਗੋਲਾ ਬਾਰੂਦ ਬਰਾਮਦ



**ਜੰਮੂ**। ਜੰਮੂ-ਕਸ਼ਮੀਰ ਵਿੱਚ ਸੁਰੱਖਿਆ ਬਲਾਂ ਨੇ ਇੱਕ ਵਾਰ ਫਿਰ ਦੋ ਅਤਿਵਾਦੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਐਤਵਾਰ ਨੂੰ ਜੰਮੂ-ਕਸ਼ਮੀਰ ਦੇ ਸਰਹੱਦੀ ਜ਼ਿਲ੍ਹੇ ਪੁੰਛ ਵਿੱਚ ਦੋ ਅਤਿਵਾਦੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਦੋਵਾਂ ਤੋਂ ਰਾਈਫਲਾਂ ਵਰਗੇ ਗ਼ੈਰ-ਕਾਨੂੰਨੀ ਹਥਿਆਰ ਅਤੇ ਵੱਡੀ ਮਾਤਰਾ ਵਿੱਚ ਗੋਲਾ ਬਾਰੂਦ ਵੀ ਬਰਾਮਦ ਕੀਤਾ ਗਿਆ ਹੈ। ਇੱਕ ਮੁਖ਼ਬਰ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ, ਸੁਰੱਖਿਆ ਬਲਾਂ ਅਤੇ ਰਾਜ ਪੁਲਿਸ ਨੇ ਛਾਪਾ ਮਾਰਿਆ ਅਤੇ ਦੋਵਾਂ ਅਤਿਵਾਦੀਆਂ ਨੂੰ ਗ੍ਰਿਫਤਾਰ ਕਰ ਲਿਆ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਅਮਲਾਲਾ ਨੇੜੇ ਘੱਗਰ ਦਰਿਆ ਦੇ ਬੰਨ੍ਹ ਅਤੇ ਪਾਣੀ ਦੇ ਵਹਾਅ ਦੀ ਸਥਿਤੀ ਦਾ ਜਾਇਜ਼ਾ

## ਮੁਬਾਰਕਪੁਰ-ਢਕੋਲੀ ਕਾਜ਼ਵੇਅ 'ਤੇ ਪਾਣੀ ਦਾ ਜਾਇਜ਼ਾ ਲੈਂਦੇ ਹੋਏ ਵਹਾਅ ਤੇਜ਼ ਹੋਣ ਤੇ ਟ੍ਰੈਫਿਕ ਦੇ ਬਦਲਵੇਂ ਪ੍ਰਬੰਧ ਕਰਨ ਦੀ ਹਦਾਇਤ



**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਹਲਕਾ ਡੇਰਾਬੱਸੀ ਦੇ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਅੱਜ ਪਿੰਡ ਅਮਲਾਲਾ ਅਤੇ ਪੰਜ ਗ੍ਰਾਮੀ ਨੇੜੇ ਘੱਗਰ ਦਰਿਆ ਦੇ ਬੰਨ੍ਹ ਅਤੇ ਪਾਣੀ ਦੇ ਵਹਾਅ ਦੀ ਸਥਿਤੀ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨੇ ਪਿੰਡ ਵਾਸੀਆਂ ਅਤੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਹਾਲਾਤਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਭਰੋਸਾ ਦਵਾਇਆ ਕਿ ਪ੍ਰਸ਼ਾਸਨ ਵੱਲੋਂ ਸਮੇਂ ਸਿਰ ਲੋੜੀਂਦੇ ਉਪਾਅ ਕੀਤੇ ਜਾਣਗੇ। ਇਸ ਤੋਂ ਬਾਅਦ, ਵਿਧਾਇਕ ਰੰਧਾਵਾ ਆਪਣੀ ਟੀਮ ਸਮੇਤ ਮੁਬਾਰਕਪੁਰ-ਢਕੋਲੀ ਕਾਜ਼ਵੇਅ 'ਤੇ ਪਹੁੰਚੇ ਅਤੇ ਉੱਥੇ ਪਾਣੀ ਦੇ ਪੱਧਰ ਅਤੇ ਟ੍ਰੈਫਿਕ ਉੱਤੇ ਪੈ ਰਹੇ ਪ੍ਰਭਾਵ ਦਾ ਖੁਦ ਜਾਇਜ਼ਾ ਲਿਆ। ਉਨ੍ਹਾਂ ਨੇ ਟ੍ਰੈਫਿਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਾਣੀ ਦਾ ਪੱਧਰ ਵਧਣ ਦੀ ਸਥਿਤੀ ਵਿੱਚ ਤੁਰੰਤ ਟ੍ਰੈਫਿਕ ਡਾਈਵਰਟ ਕੀਤਾ ਜਾਵੇ ਤਾਂ ਜੋ ਯਾਤਰੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਸ. ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਨੇ ਨੀਵੇਂ ਇਲਾਕਿਆਂ ਦੇ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਾਵਧਾਨ ਰਹਿਣ ਅਤੇ ਪ੍ਰਸ਼ਾਸਨ ਨਾਲ ਸਹਿਯੋਗ ਕਰਨ। ਵਿਧਾਇਕ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਵੱਲੋਂ ਪਾਣੀ ਦੀ ਸਥਿਤੀ 'ਤੇ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਹਰ ਕਿਸਮ ਦੀ ਐਮਰਜੈਂਸੀ ਨਾਲ ਨਜਿੱਠਣ ਲਈ ਲੋੜੀਂਦੇ ਕਦਮ ਤੁਰੰਤ ਚੁੱਕੇ ਜਾਣਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਘੱਗਰ ਦਰਿਆ ਦੇ ਨਾਜ਼ੁਕ ਥਾਵਾਂ 'ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਹੰਗਾਮੀ ਹਾਲਤ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਰੂਮ ਨੰਬਰਾਂ 0172-2219506 (ਡੀ ਸੀ ਦਫ਼ਤਰ), ਮੋਬਾਇਲ 76580-51209 (ਡੀ ਸੀ ਦਫ਼ਤਰ) ਅਤੇ ਸਬ ਡਵੀਜ਼ਨ ਡੇਰਾਬੱਸੀ ਦੇ ਕੰਟਰੋਲ ਰੂਮ ਨੰਬਰ 01762-283224 ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮੋਬਾਇਲ ਨੰਬਰ ਤੋਂ ਇਲਾਵਾ ਉਨ੍ਹਾਂ ਦੇ ਡੇਰਾਬੱਸੀ ਦਫ਼ਤਰ ਦੇ ਨੰਬਰ 01762-280095 ਅਤੇ ਜ਼ੀਰਕਪੁਰ ਦਫ਼ਤਰ ਦੇ ਨੰਬਰ 01762-528902 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਭਗਵੰਤ ਮਾਨ ਨੇ ਕੇਜਰੀਵਾਲ ਦੀ ਫੋਟੋ ਹੜ੍ਹ ਪੀੜਤਾਂ ਨੂੰ ਚਿੜਾਉਣ ਲਈ ਲਾਈ- ਇੰਜੀਨੀਅਰ ਲਾਲਕਾ




**ਮਾਛੀਵਾੜਾ ਸਾਹਿਬ/ ਬਲਬੀਰ ਸਿੰਘ ਬੱਬੀ**



ਪੰਜਾਬ ਵਿਚਲੀ ਆਮ ਆਦਮੀ ਪਾਰਟੀ ਨੂੰ ਦਿੱਲੀ ਤੋਂ ਹਾਰੇ ਹੋਏ ਆਗੂ ਅਰਵਿੰਦ ਕੇਜਰੀਵਾਲ ਮਨੀਸ਼ ਸਿਸੋਦੀਆ ਪਾਠਕ ਆਦਿ ਚਲਾ ਰਹੇ ਹਨ। ਭਗਵੰਤ ਮਾਨ ਇਨਾਂ ਨੂੰ ਪੰਜਾਬ ਦੇ ਹਰ ਸਰਕਾਰੀ ਸਮਾਗਮ ਦੇ ਵਿੱਚ ਪ੍ਰਮੁੱਖ ਤੌਰ ਉੱਤੇ ਬੁਲਾਉਂਦਾ ਹੈ ਪਰ ਹੁਣ ਜਦੋਂ ਹੜਾਂ ਦੇ ਵਿੱਚ ਪੰਜਾਬ ਦੇ ਲੋਕ ਘਿਰੇ ਹਨ ਤਾਂ ਦਿੱਲੀ ਵਾਲਾ ਕੋਈ ਵੀ ਆਗੂ ਪੰਜਾਬ ਦੇ ਲੋਕਾਂ ਦੀ ਸਾਰ ਲੈਣ ਦੇ ਲਈ ਦਿੱਲੀਓਂ ਪੰਜਾਬ ਨਹੀਂ ਆਇਆ ਇਸ ਗੱਲ ਦਾ ਪੰਜਾਬ ਵਾਸੀਆਂ ਵਿੱਚ ਰੋਸ ਹੈ ਉਲਟਾ ਭਗਵੰਤ ਮਾਨ ਤੇ ਆਮ ਆਦਮੀ ਪਾਰਟੀ ਦੇ ਆਗੂ ਜਿਹੜੀ ਹੜ੍ਹ ਪੀੜਤਾਂ ਲਈ ਸਹਾਇਤਾ ਵੰਡ ਰਹੇ ਹਨ ਉਸ ਦੇ ਉੱਪਰ ਅਰਵਿੰਦ ਕੇਜਰੀਵਾਲ ਦੀ ਫੋਟੋ ਲਗਾਈ ਜਾ ਰਹੀ ਹੈ ਇਹ ਸਭ ਕੁਝ ਸਾਜਿਸ਼ ਤਹਿਤ ਪੰਜਾਬ ਦੇ ਹੜ ਪੀੜਤਾਂ ਨੂੰ ਚਿੜਾਉਣ ਦੇ ਲਈ ਕੀਤਾ ਜਾ ਰਿਹਾ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਐਸ ਸੀ ਵਿੰਗ ਦੇ ਚੇਅਰਮੈਨ ਇੰਜਨੀਅਰ ਬਲਵਿੰਦਰ ਲਾਲਕਾ ਨੇ ਕੀਤਾ। ਉਨਾਂ ਕਿਹਾ ਕਿ ਪੰਜਾਬ ਨਾਲ ਸੰਬੰਧਿਤ ਰਾਜਨੀਤਿਕ ਪਾਰਟੀਆਂ ਦੇ ਆਗੂ, ਪੰਜਾਬ ਦੇ ਸਮਾਜ ਸੇਵੀ ਧਾਰਮਿਕ ਸਮਾਜਿਕ ਜਥੇਬੰਦੀਆਂ ਤੇ ਆਮ ਲੋਕ ਹੜਾਂ ਵਿੱਚ ਘਿਰੇ ਹੋਏ ਲੋਕਾਂ ਦੀ ਸਾਰ ਲੈ ਰਹੇ ਹਨ ਪਰ ਦਿੱਲੀ ਵਾਲਾ ਲਾਣਾ ਹੁਣ ਗਾਇਬ ਹੋ ਗਿਆ ਹੈ।

# ਹਰਿਆਣਾ ਕਮੇਟੀ ਪ੍ਰਧਾਨ ਝੀਂਡਾ ਰੱਜ ਕੇ ਕਰ ਰਿਹਾ ਗੁਰੂ ਕੀ ਗੋਲਕ ਦੀ ਦੁਰਵਰਤੋਂ - ਜਥੇਦਾਰ ਮੰਡੇਬਰ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰਾਂ ਅਤੇ ਸਿੱਖ ਸੰਗਤਾਂ ਵਿੱਚੋਂ ਆਪਣਾ ਭਰੋਸਾ ਗਵਾ ਚੁੱਕਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਅੱਜ ਕੱਲ੍ਹ ਗੁਰੂ ਕੀ ਗੋਲਕ ਦੀ ਰੱਜ ਕੇ ਦੁਰਵਰਤੋਂ ਕਰ ਰਿਹਾ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਮੀਡੀਆ ਨਾਲ ਇੱਕ ਲਿਖਤੀ ਪ੍ਰੈਸ ਨੋਟ ਜਾਰੀ ਕਰਦਿਆਂ ਜਥੇਦਾਰ ਸੁਖਵਿੰਦਰ ਸਿੰਘ ਮੰਡੇਬਰ ਸਾਬਕਾ ਜਨਰਲ ਸਕੱਤਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤਾ । ਜਥੇਦਾਰ ਮੰਡੇਬਰ ਨੇ ਦੱਸਿਆ ਕਿ ਜਗਦੀਸ਼ ਸਿੰਘ ਝੀਂਡਾ ਆਪਣਾ 73ਵਾਂ ਜਨਮ-ਦਿਨ 5 ਸਤੰਬਰ ਨੂੰ ਆਪਣੇ ਪਿੰਡ ਝੀਂਡਾ ਵਿੱਚ ਮਨਾ ਰਿਹਾ ਹੈ ਜਿਸ ਦੇ ਸੱਦਾ-ਪੱਤਰ ਗੁਰੂ ਕੀ ਗੋਲਕ ਵਿੱਚੋਂ ਤੇਲ ਪਾ ਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਗੱਡੀਆਂ ਉੱਪਰ ਕਮੇਟੀ ਦੇ ਮੁਲਾਜ਼ਮ ਪਿੰਡਾਂ ਵਿੱਚ ਵੰਡ ਰਹੇ ਹਨ ਜੋ ਕਿ ਸਿੱਧੇ ਤੌਰ ਤੇ ਗੁਰੂ ਕੀ ਗੋਲਕ ਦੀ ਦੁਰਵਰਤੋਂ ਹੈ । ਜਥੇਦਾਰ ਮੰਡੇਬਰ ਨੇ ਕਿਹਾ ਕਿ ਪਹਿਲੀ ਗੱਲ ਤਾਂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਸ਼ਤਾਬਦੀ ਦਾ ਸਾਲ ਚੱਲ ਰਿਹਾ ਹੈ, ਦੂਸਰਾ ਹਰਿਆਣਾ ਪੰਜਾਬ ਵਿੱਚ ਹੜਾਂ ਦੀ ਮਾਰ ਨਾਲ ਲੋਕ ਘਰੋਂ ਬੇਘਰ ਹੋ ਰਹੇ ਹਨ ।ਪੀੜਤ ਪਰਿਵਾਰਾਂ ਕੋਲ ਪੁੱਜਣ ਦੀ ਬਜਾਏ ਝੀਂਡਾ ਸਰਕਾਰੀ ਦਫ਼ਤਰਾਂ



ਵਿੱਚ ਲੀਡਰਾਂ ਅਤੇ ਅਫਸਰਾਂ ਨੂੰ ਆਪਣੇ ਜਨਮ-ਦਿਨ ਦੇ ਸੱਦਾ-ਪੱਤਰ ਵੰਡਦਾ ਫਿਰ ਰਿਹਾ ਹੈ ਅਤੇ ਬੁੱਢੇ ਵਾਰੇ ਆਪਣਾ ਜਨਮ-ਦਿਨ ਮਨਾ ਰਿਹਾ ਹੈ । ਉਹਨਾਂ ਆਖਿਆ ਕਿ ਪਹਿਲਾਂ ਵੀ ਝੀਂਡਾ ਨੇ 26 ਜੂਨ ਨੂੰ ਕਾਲਾ ਦਿਵਸ ਪ੍ਰੋਗਰਾਮ ਉੱਤੇ ਪੂਰੇ ਹਰਿਆਣਾ ਕਮੇਟੀ ਦੇ ਪ੍ਰਬੰਧ ਹੇਠਲੇ



ਗੁਰਦੁਆਰਿਆਂ ਵਿੱਚੋਂ ਗੁਰੂ ਕੀ ਗੋਲਕ ਦਾ ਤੇਲ ਗੱਡੀਆਂ ਵਿੱਚ ਪਾ ਕੇ ਮੁਲਾਜ਼ਮਾਂ ਨੂੰ ਸੱਦ ਕੇ ਗੁਰੂ ਕੀ ਗੋਲਕ ਦੀ ਦੁਰਵਰਤੋਂ ਕੀਤੀ ਸੀ। ਝੀਂਡਾ ਨੇ ਦੋ ਗੱਡੀਆਂ 13-14 ਮੁਲਾਜ਼ਮ ਆਪਣੇ ਨਾਲ ਟਾਸਕ ਫੋਰਸ ਪੀ.ਏ ਤੇ ਡਰਾਈਵਰਾਂ ਦੇ ਰੂਪ ਵਿੱਚ ਲਗਾ ਕੇ ਗੁਰੂ ਕੀ ਗੋਲਕ ਦੀ ਰੱਜ ਕੇ ਦੁਰਵਰਤੋਂ ਕਰ ਰਿਹਾ ਹੈ । ਉਨਾਂ ਕਿਹਾ ਕਿ ਦੂਜਿਆਂ ਨੂੰ ਬੀਜੇਪੀ ਦੇ ਏਜੰਟ ਕਹਿਣ ਵਾਲਾ ਝੀਂਡਾ ਅੱਜ ਸਵੇਰੇ- ਦੁਪਹਿਰੇ-ਸ਼ਾਮ ਬੀਜੇਪੀ ਦੇ ਲੀਡਰਾਂ ਤੇ ਅਫਸਰਾਂ ਕੋਲ ਆਪਣੀ ਪ੍ਰਧਾਨਗੀ ਬਚਾਉਣ ਵਾਸਤੇ ਲੇਲੜੀਆਂ ਕੱਢਦਾ ਫਿਰਦਾ ਤਰਲੇ ਲੈ ਰਿਹਾ ਹੈ। ਮੰਡੇਬਰ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪ੍ਰਧਾਨ ਝੀਂਡਾ ਤੋਂ ਗੁਰੂ ਕੀ ਗੋਲਕ ਦੀ ਦੁਰਵਰਤੋਂ ਦੀ ਪਾਈ ਪਾਈ ਦਾ ਹਿਸਾਬ ਲਿਆ ਜਾਵੇਗਾ। ਇਸ ਮੁੱਦੇ ਤੇ ਜਦੋਂ ਹਰਿਆਣਾ ਕਮੇਟੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਆਖਿਆ ਕਿ ਮੈਂ ਹਰਿਆਣਾ ਕਮੇਟੀ ਬਣਨ ਦੀ ਖੁਸ਼ੀ ਵਿੱਚ ਸਮਾਗਮ 5 ਸਤੰਬਰ ਦਾ ਰੱਖਿਆ ਸੀ ਉਹ ਵੀ ਡੇਢ ਮਹੀਨਾ ਪਹਿਲਾਂ ਜਦੋਂ ਪੰਜਾਬ ਚ ਹੜ ਨਹੀਂ ਆਏ ਸਨ, ਹੁਣ ਮੈਂ ਰੱਦ ਕਿਵੇਂ ਕਰ ਦਵਾਂ, ਨਾਲੇ ਜਿਸਨੇ ਬਦਨਾਮੀ ਕਰਨੀ ਹੈ ਕਰੀ ਜਾਵੇ ਮੈ ਪੰਜਾਬ ਲੰਗਰ ਪੱਕੇ ਪਰਸ਼ਾਦੇ, ਸਬਜ਼ੀ ਅਤੇ ਕੱਚਾ ਰਾਸ਼ਨ ਪੰਜਾਬ ਭੇਜ ਚੁੱਕਾ ਹਾਂ ਅਤੇ ਹਰਿਆਣੇ ਦੇ ਹਰ ਗੁਰਦੁਆਰੇ ਦੇ ਬਾਹਰ ਬੈਨਰ ਲਗਾ ਦਿੱਤੇ ਹਨ ਕਿ ਪੰਜਾਬ ਪੀੜਤਾਂ ਦੀ ਵੱਧ ਤੋਂ ਵੱਧ ਮਦਦ ਕਰੋ । ਉਹਨਾਂ ਆਖਿਆ ਕਿ ਕੁਦਰਤੀ ਆਪਦਾ ਦੀ ਇਸ ਘੜੀ 'ਚ ਹਰਿਆਣਾ ਗੁਰਦੁਆਰਾ ਕਮੇਟੀ ਅਤੇ ਮੈਂ ਆਪ ਵੀ ਪੰਜਾਬੀ ਭਰਾਵਾਂ ਨਾਲ ਖਲੋਤੇ ਹਾਂ ਅਤੇ ਅਸੀਂ ਲਗਾਤਾਰ ਸਹਾਇਤਾ ਲਈ ਪੰਜਾਬ ਪ੍ਰਸ਼ਾਸ਼ਨ ਅਤੇ ਸ਼੍ਰੋਮਣੀ ਕਮੇਟੀ ਦੇ ਸੰਪਰਕ 'ਚ ਹਾਂ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# 'ਦੂਜੀ ਆਲਮੀ ਪੰਜਾਬੀ ਕਾਨਫ਼ਰੰਸ' ਬਾਬਾ ਬੁੱਲ੍ਹੇ ਸ਼ਾਹ ਅਦਬੀ ਸੰਗਤ ਦੀ ਰਹਿਨੁਮਾਈ ਚ ...







**ਕਸੂਰ।** ਮਾਦਰੀ ਜ਼ਬਾਨ ਦੀ ਤਰੱਕੀ ਵਾਸਤੇ ਪੰਜਾਬੀ ਨੂੰ ਮੁੱਢਲੇ ਪੱਧਰ ਤੋਂ ਲਾਗੂ ਕੀਤਾ ਜਾਵੇ । ਇਹਨਾਂ ਖ਼ਿਆਲਾਂ ਦਾ ਇਜ਼ਹਾਰ ਮਾਣਯੋਗ ਬੁਲਾਰੇ ਡਾਕਟਰ ਮੁਹੰਮਦ ਰਿਆਜ਼ ਅੰਜੁਮ ਸਦਰ ਬੁੱਲ੍ਹੇ ਸ਼ਾਹ ਅਦਬੀ ਸੰਗਤ ਰਜਿਸਟਰਡ ਕਸੂਰ,ਮੁਹੰਮਦ ਇਕਬਾਲ ਨਜਮੀ, ਮੁਹੰਮਦ ਸ਼ੋਇਬ ਮਿਰਜ਼ਾ, ਡਾਕਟਰ ਹਫ਼ੀਜ਼ ਅਹਿਮਦ, ਤੁਫ਼ੈਲ ਸਰੂਰ ਬਲੋਚ ,ਡਾਕਟਰ ਇਰਫ਼ਾਨ ਅਲਹਕ,ਡਾਕਟਰ ਮੁਹੰਮਦ ਰਿਆਜ਼ ਸ਼ਾਹਿਦ, ਡਾਕਟਰ ਕਲਿਆਣ ਸਿੰਘ ਕਲਿਆਣ,ਨਾਜ਼ ਔਕਾੜਵੀ, ਡਾਕਟਰ ਮੁਹੰਮਦ ਅੱਯੂਬ,ਡਾਕਟਰ ਸਆਦਤ ਅਲੀ ਸਾਕਿਬ, ਪ੍ਰੋਫ਼ੈਸਰ ਡਾਕਟਰ ਅਰਸ਼ਦ ਇਕਬਾਲ ਅਰਸ਼ਦ, ਡਾਕਟਰ ਅਹਿਸਾਨ ਅੱਲ੍ਹਾ ਤਾਹਿਰ,ਸ਼ੌਕਤ ਨਕਸ਼ਬੰਦੀ ਡਾਕਟਰ ਸੱਯਦ ਫ਼ਰਮਾਨ ਅਲੀ,ਮੁਹੰਮਦ ਸਾਜਿਦ ਵਗ਼ੈਰਾ ਨੇ ਬੁੱਲ੍ਹੇ ਸ਼ਾਹ ਅਦਬੀ ਸੰਗਤ ਵੱਲੋਂ ਪਾਕਿਸਤਾਨ ਮਾਡਲ ਹਾਈ ਸਕੂਲ ਰਾਏ ਵਿੰਡ ਰੋਡ ਕਸੂਰ ਵਿਖੇ ਕਰਵਾਈ ਗਈ ਦੂਸਰੀ ਆਲਮੀ ਪੰਜਾਬੀ ਕਾਨਫ਼ਰੰਸ ਵਿਚ ਬੋਲਦਿਆਂ



ਕੀਤਾ ।ਉਹਨਾਂ ਨੇ ਕਿਹਾ ਕਿ ਪੰਜਾਬੀ ਦੁਨੀਆ ਦੀਆਂ ਵੱਡੀਆਂ ਜ਼ਬਾਨੋਂ ਵਿੱਚੋਂ ਇਕ ਹੈ ।ਪੰਜਾਬੀ ਸਾਹਿਤ ਦੀ ਤਰੱਕੀ ਵਾਸਤੇ ਬਾਬਾ ਬੁੱਲ੍ਹੇ ਸ਼ਾਹ ਦੇ ਉਦੇਸ਼ ਨੂੰ ਫੈਲਾਉਣ ਲਈ ਅਦਬੀ ਸੰਗਤ ਅਪਣਾ ਕਿਰਦਾਰ ਅਦਾ ਕਰ ਰਹੀ ਹੈ।ਉਹਨਾਂ ਨੇ ਕਿਹਾ ਕਿ ਦੁਨੀਆ ਦੇ ਹਰ ਸ਼ਹਿਰ ਵਿਚ ਪੰਜਾਬੀ ਬੋਲਣ ਵਾਲੇ ਵੱਡੀ ਪੱਧਰ ਤੇ ਰਹਿੰਦੇ ਹਨ ।ਅਸੀਂ ਹਕੂਮਤ ਤੋਂ ਮੰਗ ਕਰਦੇ ਹਾਂ ਕਿ ਇਸ ਜ਼ਬਾਨ ਦੀ ਅਹਿਮੀਅਤ ਨੂੰ ਸਮਝਦੇ ਹੋਏ ਪ੍ਰਾਇਮਰੀ ਸਕੂਲਾਂ ਵਿਚ ਪੰਜਾਬੀ ਲਾਜ਼ਮੀ ਲਾਗੂ ਕੀਤੀ ਜਾਏ।ਪ੍ਰੋਗਰਾਮ ਦੇ ਦੂਸਰੇ ਦੌਰ ਵਿੱਚ ਸਲੀਮ ਆਫ਼ਤਾਬ ਸਲੀਮ ਕਸੂਰੀ,ਇਸ਼ਤੇਆਕ ਅਸਰ,ਮੁਹੰਮਦ ਬੂਟਾ ਸ਼ਾਕਿਰ ਅਤੇ ਇਕੱਤਰ ਸ਼ਾਇਰਾਂ ਨੇ ਬਾਬਾ ਜੀ ਦੀ ਹਜ਼ੂਰੀ ਵਿੱਚ ਅਪਣਾ ਕਲਾਮ ਪੇਸ਼ ਕੀਤਾ ਅਤੇ ਹਾਜ਼ਰੀਨ ਤੋਂ ਭਰਪੂਰ ਦਾਦ ਵਸੂਲ ਕੀਤੀ। ਇਸ ਮੌਕੇ ਤੇ ਹਾਜ਼ਰੀਨ ਵਿਚ ਪਹਿਲੀ ਕਾਨਫ਼ਰੰਸ 'ਚ ਪੜ੍ਹੇ ਗਏ ਕਲਾਮਾਂ ਦੀ ਕਿਤਾਬ ''ਪੰਜਾਬੀ ਜ਼ਬਾਨ ਓ ਅਦਬ ਦਾ ਅਜੋਕਾ ਮੁਹਾੜ'' ਅਤੇ ਬੁਲ੍ਹੇ ਸ਼ਾਹ ਅਦਬੀ ਸੰਗਤ ਵੱਲੋਂ ਛਾਪਿਆ ਜਾਣ ਵਾਲਾ ਮਹੀਨਾਵਾਰ ਰਸਾਲਾ 'ਬੁੱਲ੍ਹਾ' ਮੁਫ਼ਤ ਤਕਸੀਮ ਕੀਤਾ ਗਏ ।ਇਸ ਮੌਕਾ ਤੇ ਬੁੱਲ੍ਹੇ ਸ਼ਾਹ ਅਦਬੀ ਸੰਗਤ ਦੇ ਸਦਰ ਡਾਕਟਰ ਮੁਹੰਮਦ ਰਿਆਜ਼ ਅੰਜੁਮ ਨੇ ਦੂਰ ਦਰਾਜ਼ ਤੋਂ ਤਸ਼ਰੀਫ਼ ਲਿਆਉਣ ਵਾਲੇ ਸ਼ਾਇਰਾਂ ਅਤੇ ਪਰਚਾ ਪੜ੍ਹਨ ਵਾਲੇ ਵਿਦਵਾਨਾਂ ਨੂੰ ਬੁਲ੍ਹੇ ਸ਼ਾਹ ਐਵਾਰਡ ਨਾਲ ਨਿਵਾਜਿਆ ਅਤੇ ਹਾਜ਼ਰੀਨ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕੀਤਾ।

# ਸਾਡੇ ਇਲਾਕੇ ਦੇ ਵਿੱਚ ਹੜਾਂ ਲਈ ਡੇਰਾ ਬਿਆਸ ਜਿੰਮੇਵਾਰ ਕੋਈ ਨਹੀਂ ਸੁਣਦਾ- ਬੁਤਾਲਾ ਵਾਸੀ





**ਬਲਬੀਰ ਸਿੰਘ ਬੱਬੀ**

ਅੱਜ ਪੰਜਾਬ ਦੇ ਅਨੇਕਾਂ ਇਲਾਕਿਆ ਵੱਲ ਝਾਤੀ ਮਾਰਦੇ ਹਾਂ ਤਾਂ ਹਰ ਪਾਸੇ ਪਾਣੀ ਹੀ ਪਾਣੀ ਹੜ੍ਹ ਹੀ ਹੜ੍ਹ, ਹੜ ਦਾ ਪਾਣੀ ਇਸ ਪਾਣੀ ਦੇ ਵਿੱਚ ਉਹ ਲੋਕ ਘਿਰੇ ਹਨ ਜਿਹੜੇ ਆਪੋ ਆਪਣੇ ਪੇਂਡੂ ਇਲਾਕਿਆਂ ਤੋਂ ਇਲਾਵਾ ਖੇਤਾਂ ਦੇ ਵਿੱਚ ਮਕਾਨ ਬਣਾ ਕੇ ਰਹਿ ਰਹੇ ਹਨ ਸਖ਼ਤ ਮਿਹਨਤ ਕਰਦੇ ਹਨ ਖੇਤਾਂ ਦੀ ਕਮਾਈ ਸੌਖੀ ਨਹੀਂ ਹੁੰਦੀ ਹੁਣ ਜਦੋਂ ਇਨ੍ਹਾਂ ਖੇਤਾਂ ਦੇ ਵਿੱਚ ਹਰ ਪਾਸੇ ਪਾਣੀ ਹੀ ਪਾਣੀ ਨਜ਼ਰ ਮਾਰਦੇ ਹਾਂ ਡੰਗਰ ਮਾਲ ਵੱਛਾ ਫਸਲਾਂ ਘਰੇਲੂ ਸਮਾਨ ਕਿਹੜੀ ਕਿਹੜੀ ਗੱਲ ਦਾ ਜ਼ਿਕਰ ਕਰੀਏ ਜੋ ਖਰਾਬ ਹੋਇਆ ਤੇ ਸੜਕਾਂ ਉੱਤੇ ਰੁਲ ਰਿਹਾ ਹੈ ਸਮਾਨ ਨੇ ਤਾ ਸੜਕਾਂ ਉੱਤੇ ਰੁਲਣਾ ਹੀ ਹੈ ਵਿਚਾਰੇ ਲੋਕ ਰੁਲ਼ ਰਹੇ ਆ ਹੁਣ ਹੜ੍ਹਾਂ ਦੇ ਪਿੱਛੇ ਕਾਰਨ ਪਾਣੀ ਹੀ ਹੈ।

ਬੇਸ਼ੱਕ ਸਮੁੱਚੇ ਪੰਜਾਬ ਦੇ ਵਿੱਚ ਅਕਸਰ ਹੀ ਹੜ੍ਹ ਆਉਂਦੇ ਹਨ ਪਰ ਮੈਂ ਤੁਹਾਡੇ ਨਾਲ ਗੱਲਬਾਤ ਸਾਂਝੀ ਕਰ ਰਿਹਾ ਹਾਂ ਜਿਲਾ ਅੰਮ੍ਰਿਤਸਰ ਦੇ ਵਿੱਚ ਪੈਂਦੇ ਬਿਆਸ ਇਲਾਕੇ ਦੀ ਬਿਆਸ ਦਰਿਆ ਦੀ ਪੰਜਾਬ ਦੇ ਇੱਕ ਬਜ਼ੁਰਗ ਆਗੂ ਹਨ ਜਿਹੜੇ ਧਾਰਮਿਕ ਵੀ ਹਨ ਕਿਸਾਨ ਆਗੂ ਵੀ ਹਨ ਲੇਖਕ ਵੀ ਹਨ ਉਹਨਾਂ ਦਾ ਨਾਮ ਹੈ ਬਲਦੇਵ ਸਿੰਘ ਸਿਰਸਾ ਜੋ ਸੰਘਰਸ਼ੀਲ ਹਨ ਵਡੇਰੀ ਉਮਰ ਦੇ ਵਿੱਚ ਵੀ ਕੁਝ ਨਾ ਕੁਝ ਕਰਦੇ ਰਹਿੰਦੇ ਹਨ। ਜੇ ਬਹੁਤਾ ਨਹੀਂ ਤਾਂ ਹੁਣ ਤੋਂ ਕੋਈ 20 ਕ ਸਾਲ ਪਹਿਲਾਂ ਉਹਨਾਂ ਨੇ ਇਹ ਮੁੱਦਾ ਬੜੇ ਜ਼ੋਰ ਸ਼ੋਰ ਦੇ ਨਾਲ ਇਲਾਕੇ ਦੇ ਕਿਸਾਨਾਂ ਤੇ ਲੋਕਾਂ ਨੂੰ ਨਾਲ ਲੈ ਕੇ ਚੁੱਕਿਆ ਸੀ ਕਿ ਜੋ ਬਿਆਸ ਦੇ ਵਿੱਚ ਰਾਧਾ ਸੁਆਮੀ ਡੇਰਾ ਹੈ ਉਹ ਜਿੱਥੇ ਜਮੀਨਾਂ ਉੱਤੇ ਕਬਜ਼ੇ ਤਾਂ ਕਰ ਹੀ ਰਿਹਾ ਹੈ ਉੱਥੇ ਸਰਕਾਰੀ ਸ਼ਹਿ ਦੇ ਉੱਤੇ ਬਿਆਸ ਦਰਿਆ ਦੇ ਕੰਢੇ ਉੱਤੇ ਵੀ ਛੇੜ ਛਾੜ ਕਰਦਾ ਹੋਇਆ ਬਿਆਸ ਦਰਿਆ ਦੀ ਜ਼ਮੀਨ ਨੂੰ ਆਪਣੇ ਹੇਠ ਕਰ ਰਿਹਾ ਹੈ। ਕੋਈ 20 ਸਾਲ ਪਹਿਲਾਂ ਪਏ ਰੌਲ਼ੇ ਤੋਂ ਬਾਅਦ ਸਭ ਕੁਝ ਠੱਪ ਚੁੱਪ ਚਾਪ,ਰਾਧਾ ਸੁਆਮੀ ਡੇਰੇ ਬਾਰੇ ਕੌਣ ਨਹੀਂ ਜਾਣਦਾ ਜਿਸ ਨੂੰ ਪੁਲਿਸ ਸਰਕਾਰਾਂ ਦੀ ਸ਼ਹਿ ਤੱਕ ਹੈ ਕੇਂਦਰ ਤੇ ਵਿਦੇਸ਼ੀ ਤਾਕਤਾਂ ਦੀ ਸ਼ਹਿ ਹਾਸਿਲ ਹੈ ਬਲਦੇਵ ਸਿੰਘ ਸਿਰਸਾ ਤੇ ਹੋਰ ਇਲਾਕੇ ਦੇ ਆਗੂਆਂ ਨੇ ਇਹ ਮਸਲਾ ਚੁੱਕਿਆ ਇਹ ਮਸਲੇ ਨੂੰ ਹੱਲ ਕਰਨ ਦੀ ਥਾਂ ਇਸ ਮਸਲੇ ਨੂੰ ਚੁੱਕਣ ਵਾਲਿਆਂ ਨੂੰ ਹੀ ਗ੍ਰਿਫਤਾਰੀ ਦੇ ਡਰਾਵੇ ਦਿੱਤੇ ਤੇ ਹੋਰ ਬੜਾ ਕੁਝ ਹੋਇਆ।

ਹੁਣ ਆਹ ਤਸਵੀਰ ਦੇ ਵਿੱਚ ਬਿਆਸ ਇਲਾਕੇ ਦੇ ਹੀ ਕਿਸਾਨ ਪਿੰਡ ਬਤਾਲਾ ਢਿੱਲਮਾ ਆਦ ਫਿਰ ਹੜਾਂ ਦੀ ਮਾਰ ਝੱਲਦੇ ਹੋਏ ਆ ਕੇ ਕਹਿ ਰਹੇ ਹਨ ਕਿ ਜੇਕਰ ਸਾਡੇ ਇਲਾਕੇ ਦੇ ਵਿੱਚ ਹੜਾਂ ਦੀ ਸਥਿਤੀ ਬਣੀ ਹੈ ਤਾਂ ਇਸ ਦਾ ਪ੍ਰਮੁੱਖ ਕਾਰਨ ਡੇਰਾ ਬਿਆਸ ਹੈ ਕੋਈ ਸੁਣੂ ਇਹਨਾਂ ਲੋਕਾਂ ਦੀ..?

# ਭਾਗਪੁਰ ਦੇ ਸਰਪੰਚ ਗਗਨਦੀਪ ਸਿੰਘ ਢਿੱਲੋਂ ਹੜ੍ਹ ਪੀੜਤਾਂ ਲਈ ਸਮਾਨ ਲੈ ਕੇ ਪੁੱਜੇ

**ਮਾਛੀਵਾੜਾ ਸਾਹਿਬ/ ਬਲਬੀਰ ਸਿੰਘ ਬੱਬੀ**

ਪਿਛਲੇ ਦੋ ਕੁ ਮਹੀਨੇ ਪਹਿਲਾਂ ਪੰਜਾਬ ਵਿਚਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਮੁੱਚੇ ਪੰਜਾਬ ਦੇ ਵਿੱਚ ਜਬਰੀ ਜਮੀਨ ਪ੍ਰਾਪਤੀ ਸਕੀਮ ਲਿਆਂਦੀ ਸੀ ਇਸ ਸਕੀਮ ਦਾ ਵਿਰੋਧ ਸਮੁੱਚੇ ਪੰਜਾਬ ਵਾਸੀਆਂ ਨੇ ਇਹ ਕੀਤਾ ਪਰ ਜਿਲਾ ਲੁਧਿਆਣਾ ਦੇ ਕੁਹਾੜਾ ਮਾਛੀਵਾੜਾ ਸੜਕ ਉਤੇ ਸਥਿਤ ਪਿੰਡ ਭਾਗਪੁਰ ਦੇ ਨੌਜਵਾਨ ਸਰਪੰਚ ਗਗਨਦੀਪ ਸਿੰਘ ਢਿੱਲੋ ਨੇ ਜਿੱਥੇ ਆਪਣੇ ਪਿੰਡ ਦੇ ਵਿੱਚ ਮਤਾ ਪਾਇਆ ਉੱਥੇ ਹੀ ਇਲਾਕੇ ਦੇ ਪਿੰਡਾਂ ਦੇ ਵਿੱਚ ਇੱਕ ਪ੍ਰਚਾਰ ਮੁਹਿੰਮ ਵਿੱਢੀ ਤੇ ਇਥੋਂ ਹੀ ਇਹ ਨੌਜਵਾਨ ਸਰਪੰਚ ਚਰਚਾ ਵਿੱਚ ਆਇਆ।

ਹੁਣ ਇਸ ਗਗਨਦੀਪ ਸਿੰਘ ਸਰਪੰਚ ਨੇ ਆਪਣੇ ਪਿੰਡ ਭਾਗਪੁਰ, ਜੋ ਅਕਾਲੀ ਆਗੂ ਸਰਨਜੀਤ ਸਿੰਘ ਢਿੱਲੋ ਦਾ ਪਿੰਡ ਹੈ ਸਮੁੱਚੇ ਪਿੰਡ ਦੇ ਮੋਹਤਬਰ ਸੱਜਣਾਂ ਦੇ ਨਾਲ ਮੀਟਿੰਗ ਕਰਨ ਤੋਂ ਬਾਅਦ ਹੜ੍ਹ ਪੀੜਤਾਂ ਦੇ ਲਈ ਸਮਾਨ ਇਕੱਤਰ ਕਰਨ ਦਾ ਵਿਚਾਰ ਬਣਾਇਆ। ਸਰਪੰਚ ਵੱਲੋਂ ਮੀਟਿੰਗ ਕਰਨ ਤੋਂ ਬਾਅਦ ਸਮੁੱਚੇ



ਪਿੰਡ ਵਾਸੀਆਂ ਨੇ ਹੜ੍ਹ ਪੀੜਤਾਂ ਦੀ ਸੇਵਾ ਦੇ ਲਈ ਯੋਗਦਾਨ ਪਾਇਆ ਵੱਡੀ ਗਿਣਤੀ ਦੇ ਵਿੱਚ ਘਰਾਂ ਵਿੱਚ ਘਰੇਲੂ ਤੌਰ ਤੇ ਵਰਤੋਂ ਆਉਣ ਵਾਲੇ ਸਮਾਨ ਤੋਂ ਇਲਾਵਾ ਰਾਸ਼ਨ ਤੇ ਹੋਰ ਸਮਾਨ ਸਰਪੰਚ ਗਗਨਦੀਪ ਸਿੰਘ ਦੇ ਉੱਦਮ ਸਦਕਾ ਇਕੱਤਰ ਹੋਇਆ ਹੈ ਤੇ ਇਹ ਸਮਾਨ ਸਰਪੰਚ ਆਪਣੇ ਸਾਥੀਆਂ ਦੇ ਨਾਲ ਹੜ੍ਹ ਪੀੜਤ ਇਲਾਕਿਆਂ ਦੇ ਵਿੱਚ ਵੰਡਣ ਦੇ ਲਈ ਲੈ ਕੇ ਗਏ ਤੇ ਅੱਗੋਂ ਹੜ੍ਹ ਦੇ ਪਾਣੀ ਵਿੱਚ ਘਿਰੇ ਲੋਕਾਂ ਦੇ ਘਰਾਂ ਤੱਕ ਜਾ ਕੇ ਕਿਸ਼ਤੀਆਂ ਰਾਹੀਂ ਸਮਾਨ ਪੁੱਜਦਾ ਕੀਤਾ।

# ਭੰਗਲ ਖੁਰਦ ਸਕੂਲ ਦੇ ਵਿਦਿਆਰਥੀਆਂ ਦਾ ਜੋਨਲ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ





**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਸਰਕਾਰੀ ਸਮਾਰਟ ਮਿਡਲ ਸਕੂਲ ਭੰਗਲ ਖੁਰਦ ਦੇ ਵਿਦਿਆਰਥੀਆਂ ਨੇ ਜੋਨਲ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਵਿਦਿਆਰਥੀਆਂ ਦੀਆਂ ਕਬੱਡੀ ਨੈਸ਼ਨਲ ਸਟਾਇਲ U-14 ਲੜਕੇ ਅਤੇ ਲੜਕੀਆਂ ਦੋਵੇਂ ਟੀਮਾਂ ਨੇ ਜੋਨ ਨੰ:- 6 ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਰੱਸਾਕਸ਼ੀ U-14 ਲੜਕੀਆਂ ਦੀ ਟੀਮ ਜੋਨਲ ਵਿੱਚੋਂ ਦੂਸਰੇ ਸਥਾਨ ਤੇ ਰਹੀ। ਕਿੱਕ ਬਾਕਸਿੰਗ -14 ਲੜਕੇ ਅਤੇ ਲੜਕੀਆਂ ਦੀ ਟੀਮ ਨੇ 13 ਗੋਲਡ ਮੈਡਲ ਅਤੇ 6 ਸਿਲਵਰ ਮੈਡਲ ਪ੍ਰਾਪਤ ਕੀਤੇ। ਵੁਸ਼ੂ U-17 ਲੜਕੇ ਅਤੇ ਲੜਕੀਆਂ ਦੀ ਟੀਮ ਨੇ ਤਿੰਨ ਗੋਲਡ ਮੈਡਲ ਅਤੇ ਤਿੰਨ ਸਿਲਵਰ ਮੈਡਲ ਜਿੱਤੇ। ਸਕੂਲ ਇੰਚਾਰਜ ਨੀਰਜ ਕੁਮਾਰੀ ਸਟੇਟ ਅਵਾਰਡੀ ਨੇ ਸਮੂਹ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆ ਜਿਲਾ ਪੱਧਰੀ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਹਨਾਂ ਵੱਲੋਂ ਮੁੱਖ ਅਧਿਆਪਕ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਦਾ ਖੇਡ ਕੋਚਾਂ ਦੇ ਪ੍ਰਬੰਧਾਂ ਲਈ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਮੌਕੇ ਹਰਜੀਤ ਕੌਰ, ਮਨਜਿੰਦਰ ਕੌਰ, ਕੋਚ ਵਿਸ਼ਾਲ ਖਾਤੀ,ਕੋਚ ਹਰਜੀਤ ਸਿੰਘ ਅਤੇ ਮੁਸਕਾਨ ਹਾਜਰ ਸਨ।

# ਅਖਿਲ ਭਾਰਤੀ ਬ੍ਰਾਹਮਣ ਏਕਤਾ ਪ੍ਰੀਸ਼ਦ ਦੀ ਤਰਫੋਂ ਪਰਵਿੰਦਰ ਸ਼ਰਮਾ ਨੂੰ ਪੰਜਾਬ ਸੂਬਾ ਪ੍ਰਧਾਨ ਨਾਮਜ਼ਦ ਕੀਤਾ ਗਿਆ



**ਬਰਨਾਲਾ (ਚੰਡਿਹੋਕ ) :** ਪੰਜਾਬ ਦੇ ਜੰਮਪਲ ਡਾ. ਪਰਵਿੰਦਰ ਸ਼ਰਮਾ (ਭਗਵਾਨ ਪਰਸ਼ੂਰਾਮ ਚੇਅਰ ਦੇ ਚੇਅਰਮੈਨ ਅਤੇ ਅਸਿਸਟੈਂਟ ਪ੍ਰੋਫੈਸਰ) ਨੂੰ ਆਲ ਇੰਡੀਆ ਬ੍ਰਾਹਮਣ ਏਕਤਾ ਪ੍ਰੀਸ਼ਦ ਰਜਿਸਟਰਡ ਦੇ ਕੌਮੀ ਪ੍ਰਧਾਨ ਬ੍ਰਾਹਮਣ ਪ੍ਰਵੀਨ ਕੁਮਾਰ ਮਿਸ਼ਰਾ ਦੀ ਤਰਫੋਂ 'ਪੰਜਾਬ ਰਾਜ ਦਾ ਪ੍ਰਧਾਨ' ਨਾਮਜ਼ਦ ਕੀਤਾ ਗਿਆ।

ਡਾ. ਪਰਵਿੰਦਰ ਸ਼ਰਮਾ ਵੱਲੋਂ ਬ੍ਰਾਹਮਣ ਸਮਾਜ ਦੇ ਉਥਾਨ/ਸਸ਼ਕਤੀਕਰਨ ਅਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਜਾ ਰਿਹਾ ਹੈ। ਉਹ ਸਮਾਜਿਕ ਅਤੇ ਧਾਰਮਿਕ ਕੰਮਾਂ ਦੇ ਨਾਲ-ਨਾਲ ਉਹ ਆਪਣੀ ਸਮਰੱਥਾ ਅਨੁਸਾਰ ਲੋੜਵੰਦ ਪਰਿਵਾਰਾਂ ਦੀ ਸਹਾਇਤਾ ਕਰਨ ਵਿੱਚ ਵੀ ਹਮੇਸ਼ਾ ਮੋਹਰੀ ਰਹਿੰਦੇ ਹਨ। ਡਾ. ਸ਼ਰਮਾ ਇੱਕ ਬਹੁਤ ਹੀ ਸੰਜੀਦਾ, ਮਿਹਨਤੀ ਅਤੇ ਵਫ਼ਾਦਾਰ ਵਿਅਕਤੀ ਹਨ ਜੋ ਲੋਕ ਭਲਾਈ ਸੇਵਾਵਾਂ ਨੂੰ ਖੁਸ਼ ਹਿਰਦੇ ਨਾਲ ਨਿਭਾ ਰਹੇ ਹਨ। ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਦੇਖਦੇ ਹੋਏ ਪਰਵਿੰਦਰ ਸ਼ਰਮਾ ਨੂੰ ਆਲ ਇੰਡੀਆ ਬ੍ਰਾਹਮਣ ਏਕਤਾ ਪ੍ਰੀਸ਼ਦ ਰਜਿਸਟਰਡ ਦੇ ਕੌਮੀ ਪ੍ਰਧਾਨ ਬ੍ਰਾਹਮਣ ਪ੍ਰਵੀਨ ਕੁਮਾਰ ਮਿਸ਼ਰਾ ਦੀ ਤਰਫੋਂ 'ਪੰਜਾਬ ਰਾਜ ਦਾ ਪ੍ਰਧਾਨ' ਨਾਮਜ਼ਦ ਕੀਤਾ ਗਿਆ। ਨਵ-ਨਿਯੁਕਤ ਪੰਜਾਬ ਸੂਬਾ ਪ੍ਰਧਾਨ ਨੇ ਅਖਿਲ ਭਾਰਤੀ ਬ੍ਰਾਹਮਣ ਏਕਤਾ ਪ੍ਰੀਸ਼ਦ ਦੇ ਕੌਮੀ ਪ੍ਰਧਾਨ ਅਤੇ ਕਾਰਜਕਾਰਨੀ ਕਮੇਟੀ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਉਕਤ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਤਨਦੇਹੀ ਨਾਲ ਨਿਭਾਉਣਗੇ। ਜਿਸ ਨਾਲ ਸਮਾਜ ਅੰਦਰ ਸਦਭਾਵਨਾ ਦੀ ਭਾਵਨਾ ਪ੍ਰਗਟ ਕੀਤੀ ਜਾ ਸਕੇ, ਜਿਵੇਂ ਕਿ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਨੇ ਆਪਣੇ ਸਿਧਾਂਤਾਂ ਵਿੱਚ ਸਪੱਸ਼ਟ ਕੀਤਾ ਸੀ। ਬ੍ਰਾਹਮਣ ਭਾਈਚਾਰੇ ਦੇ ਵਿਸ਼ੇਸ਼ ਨੁਮਾਇੰਦੇ ਪੰਡਿਤ ਸੁਭਾਸ਼ ਚੰਦਰ ਸ਼ਰਮਾ ਨੇ ਇਸ ਨਿਯੁਕਤੀ ਲਈ ਉਕਤ ਸੰਸਥਾ ਦੇ ਕੌਮੀ ਪ੍ਰਧਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਙ ਨਵ-ਨਿਯੁਕਤ ਪੰਜਾਬ ਸੂਬਾ ਪ੍ਰਧਾਨ ਦੀ ਨਿਯੁਕਤੀ ਕਾਰਨ ਬ੍ਰਾਹਮਣ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ।

# ਸੂਬੇ ਅੰਦਰ ਗੁਣਾਤਮਿਕ ਸਿੱਖਿਆ ਨੂੰ ਪਹਿਲ ਦੇਣਾ ਸੂਬਾ ਸਰਕਾਰ ਦਾ ਮੁੱਖ ਉਦੇਸ਼ - ਹਰਪਾਲ ਸਿੰਘ ਚੀਮਾ

**● ਸ਼੍ਰੀ ਚਰਨ ਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਕਰਵਾਏ ਸਮਾਗਮ 'ਚ ਕੀਤੀ ਸ਼ਿਰਕਤ ● ਮਹਾਨ ਦਾਨੀ ਲਾਲਾ ਮਹਿੰਦਰ ਰਾਮ ਚੁੰਬਰ ਯਾਦਗਾਰੀ ਲਾਇਬ੍ਰੇਰੀ ਦਾ ਕੀਤਾ ਉਦਘਾਟਨ**





**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸੂਬੇ ਅੰਦਰ ਗੁਣਾਤਮਿਕ ਸਿੱਖਿਆ ਨੂੰ ਪਹਿਲ ਦੇਣਾ ਸੂਬਾ ਸਰਕਾਰ ਦਾ ਮੁੱਖ ਉਦੇਸ਼ ਹੈ, ਜਿਸ ਦੀ ਬਦੌਲਤ ਸੂਬੇ ਅੰਦਰ ਖੋਲ੍ਹੇ ਸਕੂਲ ਆਫ ਐਮੀਨੈਂਸ ਸਕੂਲਾਂ ਵਿਚੋਂ 44 ਬੱਚੇ ਜੇ.ਈ.ਦੀ ਪ੍ਰੀਖਿਆ ਪਾਸ ਕਰਨ ਵਿਚ ਸਫਲ ਹੋਏ ਹਨ। ਇਹ ਪ੍ਰਗਟਾਵਾ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਸ੍ਰੀ ਚਰਨ ਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਬਾਨੀ ਬਾਬਾ ਬੰਤਾ ਰਾਮ ਘੇੜਾ ਅਤੇ ਬਾਬਾ ਸੁਮਨ ਦਾਸ ਜੀ ਦੇ ਜਨਮ ਦਿਹਾੜੇ 'ਤੇ ਕਰਵਾਏ ਸਮਾਗਮ ਮੌਕੇ ਪ੍ਰਗਟ ਕੀਤੇ। ਉਨ੍ਹਾਂ ਸੰਗਤਾਂ ਨੂੰ ਸਮਾਗਮ ਦੀਆਂ ਵਧਾਈਆ ਦਿੰਦਿਆਂ ਸਮੁੱਚੀ ਪ੍ਰਬੰਧਕ ਕਮੇਟੀ ਦੀ ਇਨ੍ਹਾਂ ਉਪਰਾਲਿਆ ਲਈ ਪ੍ਰਸੰਸਾ ਵੀ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਦੇ 5 ਹਜ਼ਾਰ ਅਨੁਸੂਚਿਤ ਜਾਤੀ ਪਰਿਵਾਰਾਂ ਦੇ ਐਸ.ਸੀ.ਕਾਰਪੋਰੇਸ਼ਨ ਦੇ ਕਰਜ਼ੇ ਮੁਆਫ਼ ਕਰਕੇ ਇਨ੍ਹਾਂ ਦਲਿਤ ਪਰਿਵਾਰਾ ਨੂੰ ਵੱਡੀ ਰਾਹਤ ਪ੍ਰਦਾਨ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਗੁਰੂ ਘਰ ਵਿਖੇ ਹਰੇਕ ਸਮੱਸਿਆ ਦਾ ਹੱਲ ਪਹਿਲ ਦੇ ਆਧਾਰ 'ਤੇ ਕਰੇਗੀ, ਤਾਂ ਜੋ ਦੇਸ਼-ਵਿਦੇਸ਼ ਤੋਂ ਗੁਰੂ ਦਰਸ਼ਨਾਂ ਲਈ ਪਹੁੰਚ ਰਹੀਆਂ ਸੰਗਤਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਮੌਕੇ ਕੈਬਨਿਟ ਮੰਤਰੀ ਨੇ ਮਹਾਨ ਦਾਨੀ ਲਾਲਾ ਮਹਿੰਦਰ ਰਾਮ ਚੁੰਬਰ, ਵਾਸੀ ਮੀਰਪੁਰ ਜੱਟਾਂ ਯਾਦਗਾਰੀ ਲਾਇਬ੍ਰੇਰੀ ਦਾ ਉਦਘਾਟਨ ਵੀ ਕੀਤਾ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਅਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਪ੍ਰਧਾਨ ਆਪ ਐਸ.ਸੀ ਵਿੰਗ ਪੰਜਾਬ ਨੇ ਕਿਹਾ ਕਿ ਗੁਰੂ ਘਰ ਵਿਖੇ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਸੂਬਾ ਸਰਕਾਰ ਨੇ ਇਸੇ ਅਸਥਾਨ 'ਤੇ ਕਰੀਬ ਇਕ ਕਰੋੜ ਰੁਪਏ ਖ਼ਰਚ ਕਰਕੇ 1100 ਫੁੱਟ ਡੂੰਘਾ ਟਿਊਬਵੈਲ ਲਗਾ ਕੇ ਸੰਗਤਾਂ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਹੈ ਅਤੇ ਭਵਿੱਖ 'ਚ ਸੰਗਤਾਂ ਨੂੰ ਕੋਈ ਵੀ ਸਮੱਸਿਆ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਰਛਪਾਲ ਰਾਜੂ ਡਾਇਰੈਕਟਰ ਐਸ.ਸੀ ਕਾਰਪੋਰੇਸ਼ਨ, ਗੁਰੂ ਘਰ ਦੇ ਪ੍ਰਧਾਨ ਸੰਤ ਸੁਰਿੰਦਰ ਦਾਸ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਐਲ.ਆਰ.ਵਿਰਦੀ ਨੇ ਜਿਥੇ ਪੰਜਾਬ ਦੇ ਵਿੱਤ ਮੰਤਰੀ, ਡਿਪਟੀ ਸਪੀਕਰ ਅਤੇ ਸੰਗਤਾਂ ਦਾ ਸਮਾਗਮਾਂ 'ਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ, ਉਥੇ ਉਨ੍ਹਾਂ ਗੁਰੂ ਘਰ ਵਿਖੇ ਸੰਗਤਾਂ ਨੂੰ ਦਰਪੇਸ਼ ਸਮੱਸਿਆਵਾਂ ਤੋਂ ਵੀ ਜਾਣੂ ਕਰਵਾਇਆ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋਂ ਆਈਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਤ-ਮਹਾਪੁਰਸ਼ਾਂ ਦਾ ਸਿਰੋਪਾਓ ਨਾਲ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਗਾਇਕਾਂ ਅਤੇ ਕੀਰਤਨੀ ਜਥਿਆਂ ਨੇ ਵੀ ਹਾਜ਼ਰੀਆਂ ਭਰੀਆਂ। ਇਸ ਮੌਕੇ ਪੰਜਾਬ ਭਰ ਖਾਸ ਕਰਕੇ ਮਾਲਵਾ ਖੇਤਰ ਤੋਂ ਵੱਡੀ ਗਿਣਤੀ 'ਚ ਸੰਗਤਾਂ ਅਤੇ ਸੇਵਾਦਾਰਾਂ ਨੇ ਜਿਥੇ ਸੰਗਤਾਂ ਲਈ ਲਗਾਤਾਰ ਤਿੰਨ ਦਿਨ ਲੰਗਰ ਲਗਾਏ, ਉੱਥੇ ਸੇਵਾ ਵਿਚ ਵੱਧ-ਚੜ੍ਹ ਕੇ ਹਿੱਸਾ ਪਾਇਆ। ਇਸ ਮੌਕੇ ਸੰਤ ਮਾਂਗਨ ਦਾਸ ਮੱਧ ਪ੍ਰਦੇਸ਼, ਸੰਤ ਬਖਸ਼ੀ ਰਾਮ ਜਗਾਧਰੀ, ਸੰਤ ਸੈਮ ਪ੍ਰਕਾਸ਼ ਨਨਹੇੜੀ ਹਰਿਆਣਾ, ਸੰਤ ਜੀਵਨ ਦਾਸ ਲਲਿਤਪੁਰ ਉੱਤਰ ਪ੍ਰਦੇਸ਼, ਸੰਤ ਸ਼ੀਲ ਪ੍ਰਸਾਦ ਉੱਤਰਾਖੰਡ, ਸੰਤ ਦਿਆਲ ਬੰਗਾ, ਸੰਤ ਗਿਰਧਾਰੀ ਲਾਲ, ਸੰਤ ਕਰਮ ਚੰਦ ਬੀਣੇਵਾਲ, ਮਨਜੀਤ ਮੁਗੋਵਾਲੀਆ ਪ੍ਰਧਾਨ ਡਾ.ਅੰਬੇਡਕਰ ਸਭਾ ਮਹਾਰਾਸ਼ਟਰ, ਐਲ.ਆਰ.ਵਿਰਦੀ ਕੌਮੀ ਪ੍ਰਧਾਨ ਆਦਿ ਧਰਮ ਮਿਸ਼ਨ, ਰਾਹੁਲ ਬੱਧਣ ਨਵੀਂ ਦਿੱਲੀ ਨਾਜਰ ਰਾਮ ਮਾਨ ਚੇਅਰਮੈਨ ਗੁਰੁ ਘਰ, ਪ੍ਰਿਸੀਪਲ ਸਰੂਪ ਚੰਦ ਗੜ੍ਹਸ਼ੰਕਰ, ਸੁਰਜੀਤ ਸਿੰਘ ਖਾਨਪੁਰੀ, ਹਰਬੰਸ ਸਿੰਘ ਇੰਸਪੈਕਟਰ ਪੁਲਿਸ, ਨਰੰਜਣ ਸਿੰਘ ਪੋਸਟ ਮਾਸਟਰ ਦੁਰਾਹਾ, ਦਲਵੀਰ ਰਾਜ ਮੀਤ ਪ੍ਰਧਾਨ ਆਦਿ ਧਰਮ ਮਿਸ਼ਨ ਭਾਰਤ, ਸੁਖਚੈਨ ਸਿੰਘ ਕਾਲਾ, ਮਨਜੀਤ ਮਗੋਵਾਲੀਆ, ਸੁਰਿੰਦਰ ਸਿੰਘ ਅਤੇ ਰਾਜ ਕੁਮਾਰ ਡੰਗਰਪੁਰ ਆਦਿ ਵੀ ਹਾਜਰ ਸਨ।

# ਦ੍ਰਿਸ਼ਟੀਹੀਣ ਵਿਅਕਤੀਆਂ ਲਈ ਵਰਦਾਨ ਹੈ ਨੇਤਰਦਾਨ - ਹਰਦੇਵ ਸਿੰਘ ਆਸੀ

## 40ਵੇਂ ਕੌਮੀ ਨੇਤਰਦਾਨ ਪੰਦਰਵਾੜੇ ਸਬੰਧੀ ਲੋਕਾਂ ਨੂੰ ਕੀਤਾ ਜਾਗਰੂਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਨੇਤਰਦਾਨ ਮਹਾਂਦਾਨ ਹੈ ਅਤੇ ਇਹ ਦਾਨ ਦ੍ਰਿਸ਼ਟੀਹੀਣ ਵਿਅਕਤੀਆਂ ਲਈ ਵਰਦਾਨ ਹੈ। ਇਹ ਮਹਾਂਦਾਨ ਜਿਥੇ ਦ੍ਰਿਸ਼ਟੀਹੀਣਾਂ ਨੂੰ ਸਮਾਜਿਕ ਅਤੇ ਆਰਥਿਕ ਤੌਰ 'ਤੇ ਮਜ਼ਬੂਤੀ ਪ੍ਰਦਾਨ ਕਰਦਾ ਹੈ ਉਥੇ ਦਾਨੀ ਨੂੰ ਵੀ ਆਤਮ ਸੰਤੁਸ਼ਟੀ ਮਿਲਦੀ ਹੈ। ਇਹ ਪ੍ਰਗਟਾਵਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਹੁਸ਼ਿਆਰਪੁਰ ਹਰਦੇਵ ਸਿੰਘ ਆਸੀ ਅਤੇ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਟਾਂਡਾ ਇੰਚਾਰਜ ਸਟੇਟ ਐਵਾਰਡੀ ਭਾਈ ਬਰਿੰਦਰ ਸਿੰਘ ਮਸੀਤੀ ਨੇ 40ਵੇਂ ਕੌਮੀ ਨੇਤਰਦਾਨ ਪੰਦਰਵਾੜੇ ਦੇ ਪ੍ਰਚਾਰ ਦੌਰਾਨ ਸਾਂਝੇ ਰੂਪ ਵਿਚ ਕੀਤੀ ਇਸ ਮੌਕੇ ਹਰਦੇਵ ਸਿੰਘ ਆਸੀ ਨੇ ਆਖਿਆ ਕਿ ਪੰਜਾਬ ਸਰਕਾਰ ਨੇਤਰਹੀਣਤਾ ਨੂੰ ਖ਼ਤਮ ਕਰਨ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਵਿਚ ਮਿਤੀ 25 ਅਗਸਤ ਤੋਂ 8 ਸਤੰਬਰ ਤੱਕ ਨੇਤਰਦਾਨ ਪੰਦਰਵਾੜਾ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਮਾਹਿਰ ਡਾਕਟਰਾਂ ਵੱਲੋਂ ਅੱਖਾਂ ਦੀ ਜਾਂਚ ਦੇ ਨਾਲ-ਨਾਲ ਲੋਕਾਂ ਨੂੰ ਨੇਤਰਦ-ਾਨ ਪ੍ਰਤੀ ਵੀ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਜੋ ਨੇਤਰਹੀਣਤਾ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾ ਸਕੇਲ ਇਸ ਮੌਕੇ ਭਾਈ ਮਸੀਤੀ ਨੇ ਦੱਸਿਆ ਕਿ ਮ੍ਰਿਤਕ ਵਿਅਕਤੀ ਦੀਆਂ ਅੱਖਾਂ ਦਾਨ' ਮੌਤ ਹੋਣ ਦੇ ਪੰਜ ਤੋਂ ਛੇ ਘੰਟਿਆਂ ਅੰਦਰ ਹੀ ਲਈਆਂ ਜਾ ਸਕਦੀਆਂ ਹਨ ਤੇ ਹਰ ਉਮਰ ਦਾ ਵਿਅਕਤੀ ਅੱਖਾਂ ਦਾਨ ਕਰ ਸਕਦਾ ਹੈ ਚਾਹੇ ਉਸਦੇ ਲੈਂਜ ਪਿਆ ਹੋਵੇ ਚਾਹੇ ਅੱਖਾਂ ਦਾ ਕੋਈ ਵੀ ਆਪਰੇਸ਼ਨ ਹੋਇਆ ਹੋਵੇ। ਸਿਰਫ ਏਡਜ ਪੀੜਤ, ਪੀਲੀਆ, ਬਲੱਡ ਕੈਂਸਰ ਅਤੇ ਦਿਮਾਗੀ ਬੁਖ਼ਾਰ ਤੋਂ ਗ੍ਰਸਤ ਵਿਅਕਤੀ ਦੀਆਂ ਅੱਖਾਂ ਦਾਨ ਨਹੀਂ ਹੋ ਸਕਦੀਆਂ ਲ ਇਸ ਮੌਕੇ ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਕੁਮਾਰ ਅਤੇ ਰਜਨੀਸ਼ ਕੁਮਾਰ ਗੁਲਿਆਨੀ ਵੀ ਹਾਜ਼ਰ ਸਨ।



# ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਕੌਮਾਂਤਰੀ ਖੇਡ ਦਿਵਸ ਮਨਾਇਆ ਗਿਆ




**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਵਿਚ ਖੇਡਾਂ ਦੀ ਪਰੰਪਰਾ ਨੂੰ ਯਾਦ ਕਰਨ ਅਤੇ ਭਾਰਤੀ ਖੇਡਾਂ ਦੇ ਮਹਾਨ ਖਿਡਾਰੀਆਂ ਨੂੰ ਸਿਜਦਾ ਕਰਦਿਆ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਐੱਨ.ਐੱਸ.ਐੱਸ ਵਿਭਾਗ ਅਤੇ ਖੇਡ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਦੀ ਯੋਗ ਅਗਵਾਈ ਹੇਠ ਕੌਮਾਂਤਰੀ ਖੇਡ ਦਿਵਸ ਮਨਾਇਆ ਗਿਆ। ਸਭ ਤੋਂ ਪਹਿਲਾਂ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਜੀ ਨੂੰ ਉਹਨਾਂ ਦੀ ਜਨਮ ਵਰੇਗੰਢ ਮੌਕੇ ਫੁੱਲਾਂ ਦੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦੇ ਹੋਏ ਪ੍ਰਿੰਸੀਪਲ ਡਾ.ਤਰਸੇਮ ਸਿੰਘ ਭਿੰਡਰ ਜੀ ਨੇ ਮੇਜਰ ਧਿਆਨ ਚੰਦ ਜੀ ਦੇ ਜੀਵਨ ਅਤੇ ਵਿਦਿਆਰਥੀ ਜੀਵਨ ਵਿੱਚ ਖੇਡਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਉਦਿਆਂ ਵੱਧ ਤੋਂ ਵੱਧ ਖੇਡਾਂ ਦੇ ਖੇਤਰ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ ਕਿ ਖੇਡਾਂ ਜਿੱਥੇ ਸਰੀਰ ਨੂੰ ਤੰਦਰੁਸਤੀ ਪ੍ਰਦਾਨ ਕਰਦੀਆਂ ਹਨ ਓਥੇ ਸਾਡੇ ਮਾਨਸਿਕ ਮਨੋਬਲ ਨੂੰ ਵੀ ਮਜ਼ਬੂਤੀ ਪ੍ਰਦਾਨ ਕਰਦੀਆਂ ਹਨ। ਇਸ ਮੌਕੇ ਡਾ. ਗੁਰਵਿੰਦਰ ਸਿੰਘ,ਸਪੋਰਟਸ ਡੀਨ ਪ੍ਰੋ. ਮੁਨਸ਼ੀ ਸੰਧੀਰ,ਡਾ. ਜਯੋਤੀ ਪ੍ਰਕਾਸ਼,ਪ੍ਰੋਗਰਾਮ ਅਫ਼ਸਰ ਪ੍ਰੋ ਵਿਪਨ, ਡਾ. ਨਿਰਮਲਜੀਤ ਕੌਰ, ਪ੍ਰੋ. ਮਨਮੰਤ ਸਿੰਘ,ਪ੍ਰੋ. ਤਜਿੰਦਰ ਸਿੰਘ,ਸੁਰੇਸ਼ ਕੁਮਾਰ, ਮਨਜੀਤ ਸਿੰਘ ਹਾਜ਼ਰ ਸਨ।

# ਮਾਸਟਰ ਸੁਰਜੀਤ ਸਿੰਘ ਮੁਬਾਰਕਪੁਰ ਵੱਲੋਂ ਭੀਣ ਸਕੂਲ ਨੂੰ 10000 ਰੁਪਏ ਦੀ ਰਾਸ਼ੀ ਭੇਂਟ



**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਸਰਕਾਰੀ ਹਾਈ ਸਕੂਲ ਭੀਣ ਵਿਖੇ ਇੱਕ ਸਾਦਾ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸਰਕਾਰ ਹਾਈ ਸਕੂਲ ਭੀਣ ਵਿਖੇ ਸੇਵਾਵਾਂ ਨਿਭਾ ਚੁੱਕੇ ਡਰਾਇੰਗ ਟੀਚਰ ਸੁਰਜੀਤ ਸਿੰਘ ਮੁਬਾਰਕਪੁਰ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਸਕੂਲ ਦੇ ਵਿਕਾਸ ਕਾਰਜਾਂ ਲਈ 10000 ਰੁਪਏ ਦੀ ਰਾਸ਼ੀ ਭੇਂਟ ਕੀਤੀ। ਉਹਨਾਂ ਇਹ ਰਾਸ਼ੀ ਆਪਣੇ ਦੋਸਤ ਦੀਪ ਸਿੰਘ ਡੀ ਪੀ ਦੁਆਰਾ ਸਕੂਲ ਨੂੰ ਭੇਜੀ ਅਤੇ ਵਿਸ਼ਵਾਸ ਦਿਵਾਇਆ ਕਿ ਉਹ ਅੱਗੇ ਤੋਂ ਵੀ ਸਕੂਲ ਦੇ ਵਿਕਾਸ ਲਈ ਸਹਾਇਤਾ ਪ੍ਰਦਾਨ ਕਰਦੇ ਰਹਿਣ-ਗੇ।ਸਕੂਲ ਮੁੱਖ ਅਧਿਆਪਕ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਵੱਲੋਂ ਉਹਨਾਂ ਦਾ ਇਸ ਨੇਕ ਕਾਰਜ ਲਈ ਧੰਨਵਾਦ ਕੀਤਾ।ਇਸ ਮੌਕੇ ਅੰਜਨਾ,ਅਮਨਦੀਪ, ਗਗਨਦੀਪ ਕੌਰ, ਜਸਪ੍ਰੀਤ, ਰਾਕੇਸ਼ ਕੁਮਾਰੀ ਅਤੇ ਸੁਮਨ ਰਾਣੀ ਹਾਜਰ ਸਨ।

# ਗੋਰਮਿੰਟ ਟੀਚਰਜ਼ ਯੂਨੀਅਨ ਦੇ ਆਗੂਆਂ ਵੱਲੋਂ ਆਰਜੀ ਬੰਨ ਤੇ ਚੱਲ ਰਹੀ ਸੇਵਾ ਵਿੱਚ ਯੋਗਦਾਨ ਪਾਇਆ

**ਕਪੂਰਥਲਾ ( ਕੌੜਾ )** – ਇਲ-ਾਕਾ ਨਿਵਾਸੀਆਂ ਵੱਲੋਂ ਪਿੰਡ ਬਾਜੇ ਤੋਂ ਮੰਡ ਖਿਜਰਪੁਰ ਤੱਕ 5 ਤੋਂ 6 ਹਜ਼ਾਰ ਏਕੜ ਝੋਨੇ ਦੀ ਫਸਲ ਨੂੰ ਬਚਾਉਣ ਲਈ ਅੱਠ ਕਿਲੋਮੀਟਰ ਲੰਬੇ ਆਰਜੀ ਬੰਨ੍ਹ ਨੂੰ ਟੁੱਟਣ ਤੋਂ ਬਚਾਉਣ ਲਈ ਸੰਤ ਬਾਬਾ ਜੈ ਸਿੰਘ ਮਹਿਮਦਵਾਲ ਵਾਲਿਆਂ ਦੀ ਅਗਵਾਈ ਹੇਠ ਚੱਲ ਰਹੀ ਕਾਰ ਸੇਵਾ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਕਪੂਰਥਲਾ ਦੇ ਆਗੂਆਂ ਵੱਲੋਂ ਆਰਥਿਕ ਮਦਦ ਕਰਦਿਆਂ ਆਪਣਾ ਯੋਗਦਾਨ ਪਾਇਆ ਗਿਆ। ਇਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਨ, ਬਲਾਕ ਪ੍ਰਧਾਨ ਸੁਖਦੇਵ ਸਿੰਘ ਬੂਲਪੁਰ, ਕੰਵਰਦੀਪ ਸਿੰਘ ਕੇ ਡੀ, ਜਗਜੀਤ ਸਿੰਘ ਬੂਲਪੁਰ ਆਦਿ ਨੇ ਦੱਸਿਆ ਕਿ ਬਿਆਸ ਦਰਿਆ ਵਿੱਚ ਪਾਣੀ ਦਾ ਪੱਧਰ ਬਹੁਤ ਜਿਆਦਾ ਵੱਧ ਜਾਣ ਕਾਰਨ ਇਸ ਆਰਜੀ ਬੰਨ ਦੀ ਹਾਲਤ ਬਹੁਤ ਖਸਤਾ ਹੋ ਗਈ ਸੀ। ਇਲਾਕਾ ਨਿਵਾਸੀਆਂ ਵੱਲੋਂ ਇਸ ਆਰਜੀ ਬੰਨ ਨੂੰ ਬਚਾਉਣ ਲਈ ਲਗਾਤਾਰ ਮਿੱਟੀ ਦੇ ਬੋਰੇ ਭਰ ਕੇ ਨਾਲ ਲਾਏ ਜਾ ਰਹੇ ਹਨ। ਉਹਨਾਂ ਦੱਸਿਆ ਕਿ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸੂਬਾਈ ਆਗੂ




ਰਸ਼ਪਾਲ ਸਿੰਘ ਵੜੈਚ ਵੱਲੋਂ ਕੀਤੀ ਅਪੀਲ ਤੋਂ ਬਾਅਦ ਗੌਰਮਿੰਟ ਟੀਚਰਜ਼ ਯੂਨੀਅਨ ਕਪੂਰਥਲਾ ਦੇ ਆਗੂਆਂ ਨੇ 5100 ਦੀ ਆਰਥਿਕ ਮਦਦ ਕੀਤੀ। ਇਸ ਤੋਂ ਇਲਾਵਾ ਸੰਗਤਾਂ ਜਲ ਪਾਣੀ ਦੀ ਸੇਵਾ ਵੀ ਕੀਤੀ ਗਈ।ਇਸ ਮੌਕੇ ਹੈੱਡ ਟੀਚਰ ਅਵਤਾਰ ਸਿੰਘ ਛੰਨਾ ਸ਼ੇਰ ਸਿੰਘ ਨੇ 5000 ਅਤੇ ਹੈੱਡ ਟੀਚਰ ਸਤੀਸ਼ ਟਿੱਬਾ ਨੇ 2000 ਰੁਪਏ ਦੀ ਸੇਵਾ ਦਿੱਤੀ। ਇਸ ਮੌਕੇ ਗੌਰਮੈਂਟ ਟੀਚਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਨ ਨੇ ਕਿਹਾ ਕਿ ਅੱਜ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀਏ। ਉਹਨਾਂ ਨੇ ਕਿਹਾ ਮੌਜੂਦਾ ਸਮੇਂ ਦੌਰਾਨ ਭਾਰੀ ਬਾਰਿਸ਼ਾਂ ਕਾਰਨ ਸਥਿਤੀ ਵਿਗੜਦੀ ਜਾ ਰਹੀ ਹੈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਰਘਬੀਰ ਸਿੰਘ ਮਹਿਰਵਾਲਾ ਨੇ ਕਿਹਾ ਕਿ ਸਰਕਾਰਾਂ ਦੀ ਨਲਾਇਕੀ ਕਾਰਨ ਹੀ ਅੱਜ ਕਿਸਾਨਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਸਰਕਾਰਾਂ ਨੇ ਦਰਿਆਵਾਂ ਦੀ ਸਫਾਈ ਅਤੇ ਬੰਨਾਂ ਦੀ ਮਜਬੂਤੀ ਕੀਤੀ ਹੁੰਦੀ ਤਾਂ ਅੱਜ ਕਿਸਾਨਾਂ ਨੂੰ ਸਖਤ ਮਿਹਨਤ ਕਰਕੇ ਆਪਣੇ ਬੰਨਾਂ ਦੀ ਰਖਵਾਲੀ ਨਾ ਕਰਨੀ ਪੈਂਦੀ ।ਇਸ ਮੌਕੇ ਸੂਬਾਈ ਆਗੂ ਰਸ਼ਪਾਲ ਸਿੰਘ ਨੇ ਸਮੂਹ ਅਧਿਆਪਕ ਸਾਥੀਆਂ ਦਾ ਸਹਿਯੋਗ ਦੇਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਅਧਿਆਪਕ ਆਗੂ ਮਾਸਟਰ ਰੇਸ਼ਮ ਸਿੰਘ ਬੂੜੇਵਾਲ, ਪਰਮਿੰਦਰ ਸਿੰਘ ਸੈਦਪੁਰ, ਅਸ਼ਵਨੀ ਕੁਮਾਰ ਅਜੇ ਕੁਮਾਰ, ਕੁਲਦੀਪ ਠਾਕਰ, ਜਗਮੋਹਨ ਸਿੰਘ ਯਾਦਵਿੰਦਰ ਸਿੰਘ ਰੁਪਿੰਦਰ ਸਿੰਘ ਸੁਖਵਿੰਦਰ ਸਿੰਘ ਕਾਲੇਵਾਲ,ਜਸਵਿੰਦਰ ਸਿੰਘ ਸ਼ਿਕਾਰਪੁਰ, ਕੋਚ ਮਨਜਿੰਦਰ ਸਿੰਘ ਦੰਦੂਪੁਰ,ਹੈੱਡ ਟੀਚਰ ਸੁਖਵਿੰਦਰ ਸਿੰਘ ਦੰਦੂਪੁਰ ਆਦਿ ਹਾਜ਼ਰ ਸਨ।

# ਪੰਜਾਬੀ ਮਹਾਨ ਕੋਸ਼ ਦੀਆਂ 15000 ਕਾਪੀਆਂ ਨੂੰ ਜ਼ਮੀਨ ਵਿੱਚ ਦੱਬਣਾ ਸਮੁੱਚੇ ਸਾਹਿਤ ਤੇ ਪੰਜਾਬੀ ਜਗਤ ਲਈ ਚਿੰਤਾ ਦਾ ਵਿਸ਼ਾ - ਸਿਰਜਣਾ ਕੇਂਦਰ

**ਕਪੂਰਥਲਾ , (ਕੌੜਾ)-** ਬੀਤੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਭਾਈ ਕਾਨ੍ਹ ਸਿੰਘ ਨਾਭਾ ਰਚਿਤ ਪੰਜਾਬੀ ਮਹਾਨ ਕੋਸ਼ ਦੀਆਂ ਤਕਰੀਬਨ 15000 ਕਾਪੀਆਂ ਜ਼ਮੀਨ ਵਿਚ ਦੱਬਣ ਜਿਹੇ ਮੰਦਭਾਗੇ ਵਰਤਾਰੇ ਦੀ ਸਮੁੱਚੇ ਵਿਦਿਆਰਥੀ ਜਗਤ, ਸਾਹਿਤ ਜਗਤ, ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਸਮਰਪਿਤ ਵੱਖ-ਵੱਖ ਅਦਾਰਿਆਂ ਨੇ ਨਿੰਦਿਆ ਕੀਤੀ ਹੈ। ਕਪੂਰਥਲਾ ਜ਼ਿਲ੍ਹੇ ਦੀ ਨਾਮਵਰ ਸਾਹਿਤਕ ਸੰਸਥਾ ਸਿਰਜਣਾ ਕੇਂਦਰ (ਰਜਿ.) ਦੇ ਪ੍ਰਧਾਨ ਕੰਵਰ ਇਕਬਾਲ ਸਿੰਘ ਅਤੇ ਜਨਰਲ ਸਕੱਤਰ ਸ਼ਹਿਬਾਜ਼ ਖ਼ਾਨ ਨੇ ਇਸ ਘਟਨਾ ਉੱਤੇ ਆਪਣੀ









ਪ੍ਰਤੀਕਿਰਿਆ ਦਿੰਦਿਆਂ ਆਖਿਆ ਕਿ ਸਾਡੇ ਸਮਾਜ ਅਤੇ ਸਾਹਿਤ ਪ੍ਰੇਮੀਆਂ ਲਈ ਪੰਜਾਬੀ ਮਹਾਨ ਕੋਸ਼ ਦੀਆਂ 15000 ਕਾਪੀਆਂ ਨੂੰ ਜ਼ਮੀਨ ਵਿੱਚ ਦੱਬਣਾ ਨਾ ਸਿਰਫ਼ ਪੰਜਾਬੀ ਸਗੋਂ ਸਮੁੱਚੇ ਸਾਹਿਤ ਜਗਤ ਲਈ ਚਿੰਤਾ ਦਾ ਵਿਸ਼ਾ ਹੈ। ਇਹ ਵਰਤਾਰਾ ਨਾ ਸਿਰਫ਼ ਦੋਸ਼ੀ ਅਧਿਕਾਰੀਆਂ ਦੇ ਲਾਪਰਵਾਹ ਵਤੀਰੇ ਦਾ ਨਤੀਜਾ ਹੈ ਸਗੋਂ ਆਪਣੀਆਂ ਊਣਤਾਈਆਂ ਨੂੰ ਲੁਕਾਉਣ ਦਾ ਅਨੈਤਿਕ ਤਰੀਕਾ ਵੀ ਹੈ। ਪੰਜਾਬੀ ਮਹਾਨ ਕੋਸ਼ ਵਿੱਚ ਛਪਾਈ ਦੀਆਂ ਤਰੁੱਟੀਆਂ ਦਾ ਪਰਦਾ ਪਾ ਕੇ ਪੰਜਾਬੀ ਯੂਨੀਵਰਸਿਟੀ ਵੱਲੋਂ ਚੁੱਕੇ ਗਏ ਇਸ ਨਿੰਦਣਯੋਗ ਕਦਮ ਨੇ ਸਮੁੱਚੇ ਸਾਹਿਤ ਜਗਤ ਅਤੇ ਪੰਜਾਬੀ ਭਾਸ਼ਾ ਨਾਲ ਜੁੜੇ ਹੋਰ ਬਹੁਤ ਸਾਰੇ ਲੋਕਾਂ ਦੇ ਸੰਵੇਦਨਸ਼ੀਲ ਦਿਲਾਂ ਨੂੰ ਠੇਸ ਪਹੁੰਚਾਈ ਹੈ। ਕੇਂਦਰ ਦੇ ਹੋਰ ਅਹੁਦੇਦਾਰਾਂ ਵਿੱਚ ਸ਼ਾਮਿਲ ਆਸ਼ੂ ਕੁਮਰਾ ਮਲਕੀਤ ਸਿੰਘ ਮੀਤ ਡਾ. ਹਰਭਜਨ ਸਿੰਘ, ਡਾ. ਅਵਤਾਰ ਸਿੰਘ ਭੰਡਾਲ ਡਾ. ਸੁਰਿੰਦਰ ਪਾਲ ਸਿੰਘ ਉਨ੍ਹਾਂ ਇਹ ਵੀ ਆਖਿਆ ਕਿ ਪੰਜਾਬੀ ਯੂਨੀਵਰਸਿਟੀ ਦੀ ਇਸ ਅਸੱਭਿਅਕ ਵਰਤਾਰੇ ਵਾਲੀ ਟੀਮ ਨੂੰ ਸਾਹਿਤ ਅਤੇ ਸਿਰਜਣਾ ਨਾਲ ਜੁੜੀਆਂ ਸਭਾਵਾਂ ਨਾਲ ਇਸ ਸੰਬੰਧੀ ਪਹਿਲਾਂ ਹੀ ਕੋਈ ਸਲਾਹ ਮਸ਼ਵਰਾ ਕਰਨਾ ਚਾਹੀਦਾ ਸੀ। ਸਿਰਜਣਾ ਕੇਂਦਰ ਦੀ ਸਮੁੱਚੀ ਟੀਮ ਇਸ ਘਟਨਾ ਦੀ ਨਿਖੇਧੀ ਕਰਦੀ ਹੈ। ਇਸ ਸਮੇਂ ਪ੍ਰਧਾਨ ਕੰਵਰ ਇਕਬਾਲ ਸਿੰਘ ਅਤੇ ਜਨਰਲ ਸਕੱਤਰ ਸ਼ਹਿਬਾਜ਼ ਖ਼ਾਨ ਅਤੇ ਉਪਰੋਕਤ ਸ਼ਖਸ਼ੀਅਤਾਂ ਦੇ ਨਾਲ ਡਾ.ਆਸਾ ਸਿੰਘ ਘੁੰਮਣ, ਡਾ.ਪਰਮਜੀਤ ਸਿੰਘ ਮਾਨਸਾ, ਪ੍ਰਿ. ਪ੍ਰੋਮਿਲਾ ਅਰੋੜਾ, ਸਹਾਇਕ ਮੀਡੀਆ ਇੰਚਾਰਜ ਰਜਨੀ ਵਾਲੀਆ,ਵਿਸ਼ੇਸ਼ ਸਲਾਹਕਾਰ ਅਵਤਾਰ ਸਿੰਘ ਗਿੱਲ, ਗੁਰਦੀਪ ਗਿੱਲ ਆਦਿ ਹਾਜ਼ਰ ਸਨ।

# ਗ਼ਦਰੀ ਬਾਬਿਆਂ ਦੇ ਮੇਲੇ 'ਚ ਖਿੜਨਗੇ ਢੁਕਵੇਂ ਵਿਸ਼ਿਆਂ ਅਤੇ ਕਲਾਵਾਂ ਦੇ ਰੰਗ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਗ਼ਦਰ ਲਹਿਰ ਦੀ ਵੀਰਾਂਗਣਾ ਗ਼ਦਰੀ ਗੁਲਾਬ ਕੌਰ ਨੂੰ ਸਮਰਪਤ 34ਵੇਂ ਤਿੰਨ ਰੋਜ਼ਾ ਮੇਲੇ ਦੀਆਂ ਹਰ ਪੱਖੋਂ ਤਿਆਰੀਆਂ ਜੋਰ ਫੜ ਰਹੀਆਂ ਹਨ। 30, 31 ਅਕਤੂਬਰ ਅਤੇ ਪਹਿਲੀ ਨਵੰਬਰ ਹੋਣ ਵਾਲਾ ਮੇਲਾ ਗ਼ਦਰੀ ਬਾਬਿਆਂ ਦਾ ਬਹੁਤ ਹੀ ਸਚਿਆਰੇ ਅੰਦਾਜ਼ 'ਚ ਨੇਪਰੇ ਚਾੜ੍ਹਨ ਲਈ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੀ ਮੀਟਿੰਗ ਹੋਈ। ਉਸ ਉਪਰੰਤ ਬੋਰਡ ਆਫ਼ ਟਰੱਸਟ ਦੀ ਮੀਟਿੰਗ ਕੀਤੀ ਗਈ। ਇਹਨਾਂ ਮੀਟਿੰਗਾਂ 'ਚ ਮੇਲੇ ਦੀਆਂ ਕਲਾ ਵੰਨਗੀਆਂ ਉਪਰ ਗੰਭੀਰ ਵਿਚਾਰਾਂ ਹੋਈਆਂ। 30 ਅਕਤੂਬਰ ਪੁਸਤਕ ਸਭਿਆਚਾਰ ਦੀ ਸ਼ਾਮ: ਪਾਬੰਦੀ ਸ਼ੁਦਾ ਕਿਤਾਬਾਂ ਦੇ ਨਾਮ ਹੋਵੇਗੀ। ਇਸ ਸੈਸ਼ਨ ਵਿੱਚ ਵਿਛੜੇ ਸਾਹਿਤਕਾਰਾਂ, ਲੇਖਕਾਂ, ਵਿਦਵਾਨਾਂ ਨੂੰ, 'ਯਾਰੋ ਸਾਨੂੰ ਨਹੀਓਂ ਭੁੱਲਣੀ, ਉਹਨਾਂ ਮਿੱਤਰਾਂ ਦੀ ਯਾਦ ਪਿਆਰੀ' ਸੈਸ਼ਨ 'ਚ ਸਜ਼ਦਾ ਕੀਤਾ ਜਾਏਗਾ। ਇਸ ਰੋਜ਼ ਹੀ 2 ਵਜੇ ਫੋਟੋ ਅਤੇ ਚਿੱਤਰਕਲਾ ਪ੍ਰਦਰਸ਼ਨੀ ਦਾ ਉਦਘਾਟਨ ਹੋਏਗਾ। 31 ਅਕਤੂਬਰ ਕੁਇਜ਼, ਭਾਸ਼ਣ, ਗਾਇਨ ਅਤੇ ਪੇਂਟਿੰਗ ਮੁਕਾਬਲੇ ਹੋਣਗੇ । ਕੁਇਜ਼ ਮੁਕਾਬਲਾ ਹਰਵਿੰਦਰ ਭੰਡਾਲ ਦੀ ਪੁਸਤਕ 'ਫਾਸ਼ੀਵਾਦ ਦਾ ਚਿਹਰਾ ਮੋਹਰਾ' ਉਪਰ ਹੋਏਗਾ। ਭਾਸ਼ਣ ਮੁਕਾਬਲੇ ਦਾ ਵਿਸ਼ਾ ਹੋਏਗਾ, 'ਸੋਸ਼ਲ ਮੀਡੀਆ ਅਤੇ ਨੌਜਵਾਨ ਵਰਗ'।



ਚਿੱਤਰਕਲਾ ਮੁਕਾਬਲੇ ਦੇ ਏ ਵਰਗ ਲਈ 'ਫ਼ਲਸਤੀਨ ਦੀ ਨਸਲਕੁਸ਼ੀ ਅਤੇ ਸੰਘਰਸ਼', ਵਰਗ ਬੀ ਅੱਗੇ ਗ਼ਦਰੀ ਦੇਸ਼ ਭਗਤਾਂ ਅਤੇ ਵਿਸ਼ੇਸ਼ ਕਰਕੇ ਗ਼ਦਰੀ ਗੁਲਾਬ ਕੌਰ ਦੀਆਂ ਤਸਵੀਰਾਂ ਰੱਖੀਆਂ ਜਾਣਗੀਆਂ ਅਤੇ ਸੀ ਗਰੁੱਪ ਬਾਲ ਕਲਾਕਾਰ ਮਨੋਇਛਤ ਕਲਾ ਕਿਰਤਾਂ ਬਣਾਉਣਗੇ। 31 ਅਕਤੂਬਰ ਸ਼ਾਮ ਕਵੀ ਦਰਬਾਰ ਅਤੇ ਉਸ ਉਪਰੰਤ ਆਦਿਵਾਸੀਆਂ ਅਤੇ ਫ਼ਲਸਤੀਨੀ ਲੋਕਾਂ ਦੇ ਸੰਗਰਾਮ ਬਾਰੇ ਪੀਪਲਜ਼ ਵਾਇਸ ਵੱਲੋਂ ਫਿਲਮ ਸੋਅ ਹੋਏਗਾ।ਜ਼ਿਕਰਯੋਗ ਹੈ ਕਿ 31 ਅਕਤੂਬਰ ਅਤੇ ਪਹਿਲੀ ਨਵੰਬਰ ਵਿਚਾਰ-ਚਰਚਾਵਾਂ ਵੀ ਹੋਣਗੀਆਂ। ਜਿਸ ਵਿੱਚ ਕਮੇਟੀ ਮੈਂਬਰਾਂ ਤੋਂ ਇਲਾਵਾ ਪ੍ਰਭਾਤ ਪਟਨਾਇਕ ਅਤੇ ਡਾ. ਸਵਰਾਜਬੀਰ ਵੀ ਪੁੱਜ ਰਹੇ ਹਨ। ਕਮੇਟੀ ਮੈਂਬਰ ਪਹਿਲੀ ਨਵੰਬਰ 'ਗ਼ਦਰ ਲਹਿਰ ਦੀ ਵਿਰਾਸਤ ਨੂੰ ਚੁਣੌਤੀਆਂ' ਵਿਸ਼ੇ ਉਪਰ ਵਿਚਾਰ-ਚਰਚਾ ਕਰਨਗੇ। ਪਹਿਲੀ ਨਵੰਬਰ ਦਿਨ ਵੇਲੇ ਮੁੱਖ ਬੁਲਾਰੇ ਮੁਹੰਮਦ ਯੂਸਫ਼ ਤਾਰੀਗਾਮੀ ਅਤੇ ਡਾ. ਨਵਸ਼ਰਨ ਹੋਣਗੇ। ਝੰਡਾ ਲਹਿਰਾਉਣ ਦੀ ਰਸਮ ਕਮੇਟੀ ਮੈਂਬਰ ਦਰਸ਼ਨ ਸਿੰਘ ਖਟਕੜ ਕਰਨਗੇ ਅਤੇ ਇਸ ਮੌਕੇ ਉਹ ਸੁਨੇਹਾ ਵੀ ਦੇਣਗੇ। ਉਸ ਉਪਰੰਤ ਅਮੋਲਕ ਸਿੰਘ ਦੇ ਲਿਖੇ ਅਤੇ ਸੱਤਪਾਲ ਬੰਗਾ ਪਟਿਆਲਾ ਦੀ ਨਿਰਦੇਸ਼ਨਾ ਹੇਠ ਹੋਏਗਾ ਝੰਡੇ ਦਾ ਗੀਤ। ਜ਼ਿਕਰਯੋਗ ਹੈ ਕਿ ਝੰਡੇ ਦੇ ਗੀਤ ਦੀ ਤਿਆਰੀ ਵਰਕਸ਼ਾਪ ਦੇਸ਼ ਭਗਤ ਯਾਦਗਾਰ ਹਾਲ 'ਚ ਲੱਗੇਗੀ। ਪਹਿਲੀ ਨਵੰਬਰ ਸਾਰੀ ਰਾਤ ਨਾਟਕਾਂ ਅਤੇ ਗੀਤਾਂ ਭਰੀ ਰਾਤ ਹੋਏਗੀ। ਢੁਕਵੇਂ ਵਿਸ਼ਿਆਂ 'ਤੇ ਨਾਟਕਾਂ ਦੀ ਚੋਣ ਕਮੇਟੀ ਵੱਲੋਂ ਕੀਤੀ ਜਾਏਗੀ। ਇਸ ਮੀਟਿੰਗ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਮੈਂਬਰ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਵੈਲਫੇਅਰ ਐਂਡ ਐਜੂਕੇਸ਼ਨ ਸੁਸਾਇਟੀ ਲੁਧਿਆਣਾ ਕੋਚਿੰਗ ਸੈਂਟਰ ਦਾ ਪਤਵੰਤਿਆਂ ਨੇ ਦੌਰਾ ਕੀਤਾ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਅੱਜ ਡਾਕਟਰ ਅੰਬੇਡਕਰ ਭਵਨ ਦੇ ਪ੍ਰਧਾਨ ਸਤੀਸ਼ ਕੁਮਾਰ ਲਾਲ ਨੇ ਲੁਧਿਆਣਾ ਵਿਖੇ ਸਤਿਗੁਰੂ ਰਵਿਦਾਸ ਵੈਲਫੇਅਰ ਐਂਡ ਐਜੂਕੇਸ਼ਨ ਸੁਸਾਇਟੀ ਧਾਂਦਰਾ ਰੋਡ ਵਿੱਚ ਚੱਲ ਰਹੇ ਆਈ ਏ ਐਸ, ਪੀ ਸੀ ਐਸ ਅਫਸਰ ਬਣਨ ਲਈ ਕੋਚਿੰਗ ਸੈਂਟਰ ਵਿੱਚ ਵਿਜਿਟ ਕੀਤੀ। ਉਹਨਾਂ ਦੇ ਨਾਲ ਸਰਦਾਰ ਗੁਰਦੇਵ ਸਿੰਘ ਜੀ ਪ੍ਰਧਾਨ ਸਤਿਗੁਰੂ ਰਵਿਦਾਸ ਵੈਲਫੇਅਰ ਐਂਡ ਐਜੂਕੇਸ਼ਨ ਟਰਸਟ ਲੁਧਿਆਣਾ ਅਤੇ ਸਰਦਾਰ ਕੁਲਬੀਰ ਸਿੰਘ ਜੀ ਪੁਲਿਸ ਮੁਲਾਜ਼ਮ ਲੁਧਿਆਣਾ ਆਦਿ ਨਾਲ ਸਨ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਾਕਟਰ ਅੰਬੇਡਕਰ ਭਵਨ ਨਵਾਂ ਸ਼ਹਿਰ ਦੇ ਪ੍ਰਧਾਨ ਸਤੀਸ਼ ਕੁਮਾਰ ਲਾਲ ਨੇ ਕਿਹਾ ਕਿ ਅੱਜ ਜਿਸ ਉਪਲਬਧੀ ਤੇ ਤੁਸੀਂ ਬੈਠੇ ਹੋ ਇਹ ਸਭ ਸਾਡੇ ਪੁਰਖਿਆਂ ਵਲੋਂ ਕੀਤੇ ਗਏ ਸੰਘਰਸ਼ ਦਾ ਸਿੱਟਾ ਹੈ। ਦੇਸ਼ ਅਜ਼ਾਦ ਹੋਣ ਤੋਂ ਪਹਿਲਾਂ ਸਾਡੇ ਸਮਾਜ ਨਾਲ ਪਸ਼ੂਆਂ ਵਰਗਾ ਵਿਵਹਾਰ ਕੀਤਾ ਜਾਂਦਾ ਸੀ। ਸਮੇਂ ਸਮੇਂ ਤੇ ਸਾਡੇ ਰਹਿਬਰਾਂ ਨੇ ਸੰਘਰਸ਼ ਕੀਤਾ। ਜਿਨਾਂ ਵਿੱਚ ਸਤਿਗੁਰੂ ਰਵਿਦਾਸ ਜੀ ਮਹਾਰਾਜ, ਸਤਿਗੁਰੂ ਕਬੀਰ ਜੀ ਮਹਾਰਾਜ, ਡਾਕਟਰ ਅੰਬੇਡਕਰ ਸਾਹਿਬ, ਪੇਰਿਆਰ ਈ ਵੀ ਰਾਮਾ ਸਵਾਮੀ ਨਾਇਕਰ, ਸ਼ਾਹੂ ਛਤਰਪਤੀ ਮਹਾਰਾਜ ਜੀ, ਮਹਾਤਮਾ ਜੋਤਿਬਾ ਫੂਲੇ ਜੀ, ਮਾਤਾ ਸਵਿਤਰੀ ਬਾਈ ਫੂਲੇ



ਜੀ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂਆਂ ਨੇ ਸਮਾਜ ਵਿੱਚ ਬਰਾਬਰਤਾ ਲਿਆਉਣ ਲਈ ਅਤੇ ਨੀਚਾ ਤੋਂ ਉਚ ਬਣਾਉਣ ਲਈ ਸੰਘਰਸ਼ ਕੀਤਾ। ਤੁਸੀਂ ਇਸ ਸੰਸਥਾ ਤੋਂ ਕੋਚਿੰਗ ਲੈ ਕੇ ਵੱਡੇ ਵੱਡੇ ਅਹੁਦਿਆਂ ਤੇ ਪਹੁੰਚਣਾ ਹੈ। ਸਮਾਜ ਦੀ ਬੇਹਤਰੀ ਲਈ ਆਪਣੇ ਪੁਰਖਿਆਂ ਦੇ ਸੰਘਰਸ਼ ਅਤੇ ਉਨਾਂ ਦੀ ਜੀਵਨੀ ਨੂੰ ਪੜ੍ਹ ਕੇ ਸਮਾਜ ਵਿੱਚ ਬਰਾਬਰਤਾ ਲਿਆਉਣ ਲਈ ਆਪਣਾ ਯੋਗਦਾਨ ਜਰੂਰ ਪਾਵੋਗੇ। ਇਹਨਾਂ ਤੋਂ ਬਾਅਦ ਸਰਦਾਰ ਗੁਰਦੇਵ ਸਿੰਘ ਜੀ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਐਂਡ ਐਜੂਕੇਸ਼ਨ ਸੋਸਾਇਟੀ ਲੁਧਿਆਣਾ ਜੀ ਨੇ ਸਮਾਜ ਦੇ ਪਿਛੋਕੜ ਅਤੇ ਸੰਘਰਸ਼ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਕੋਚਿੰਗ ਸੈਂਟਰ ਵਿੱਚ ਵਿਦਿਆਰਥੀ ਅਤੇ ਪ੍ਰੋਫੈਸਰ ਵੀ ਹਾਜ਼ਰ ਸਨ।

# ਮਾਂਹ ਵਾਦੀ ਅਤੇ ਸੁਆਦੀ

ਲਗਾਤਾਰ ਬਾਰਸ਼ ਕੀ ਹੋਈ ,
ਜਲੋ ਜਲ ਹੋ ਗਿਆ ਆਲਮ ਸਾਰਾ ।
ਕੋਈ ਕਹੇ ਮੇਰਾ ਝੋਨਾ ਡੁੱਬ ਗਿਆ ,
ਕੋਈ ਕਹੇ ਡੁੱਬ ਚੱਲਿਆ ਚਾਰਾ ।
ਕੋਈ ਕਹੇ ਕਿ ਹੜ੍ਹ ਦਾ ਪਾਣੀ ,
ਸਾਡਾ ਸਭ ਕੁੱਝ ਖੋਹ ਕੇ ਲੈ ਗਿਆ ;
ਗ਼ਰੀਬ ਘਰਾਂ ਦੀ ਤੋਬਾ ਹੋ ਗਈ ,
ਅਜੀਬ।ਕਹੇ ਅੱਜ ਆਇਐ



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

# ਆਓ ਪੰਜਾਬੀ ਸਿੱਖੀਏ

ਮੈਨੂੰ ਵੀ ਨਹੀਂ ਲਿਖਣਾ ਆਉਂਦਾ
ਹੌਲੀ ਹੌਲੀ ਸਿੱਖਦਾ ਹਾਂ
ਬਹੁਤ ਸਾਰਿਆਂ ਸ਼ਬਦਾਂ ਨੂੰ ਮੈਂ
ਮੂੰਹੋਂ ਬੋਲਕੇ ਲਿੱਖਦਾ ਹਾਂ
ਪੰਜਾਬੀ ਵਿੱਚ ਭਰਾਂ ਹੁੰਦਾ ਹੈ,,,,
ਜਿਸ ਤੋਂ ਬਣਿਆ ਭਾ ਜੀ
ਘਰਾਂ ਦੇ ਵਿੱਚ ਜੇ ਸ਼ਬਦ ਵਰਤੀਏ
ਬਣ ਜਾਏ ਸਬਜ਼ੀ ਭਾਜੀ,,,,,
ਫਿਰ ਦੋਹਾਂ ਵਿਚ ਕੀ ਹੈ ਅੰਤਰ
ਮੈਨੂੰ ਵੀ ਸਮਝਾਉ
ਕਿਵੇ ਭਰਾਂ ਨੂੰ ਭਾ ਜੀ ਲਿਖਣਾ
ਖਾਨੇ ਵਿੱਚ ਗੱਲ ਪਾਓ
ਇੱਕ ਭਾਜੀ ਉਹ ਹੁੰਦੀ ਆ ਜ਼ੋ
ਵਿਆਹਾਂ ਵਿੱਚ ਜਾਂਦੀ ਵੰਡੀ
ਲਿਖਕੇ ਗਲਤ ਥੋੜੀ ਪੰਜਾਬੀ
ਕਿਉਂ ਕਰਵਾਉਨੇ ਭੰਡੀ
ਕਈ ਲਿਖਦੇ ਆ ਭਾਅ ਭਰਾ ਨੂੰ
ਜ਼ੋ ਭਾਅ ਮੰਡੀਆਂ ਵਿੱਚ ਹੁੰਦਾ
ਗੁਰਮੀਤ ਮੁਕਾਉਂਦੇ ਰੇਟ ਭਾਅ
ਕਹਿਕੇ, ਦੁਕਾਨਾਂ ਤੇ ਜੋ ਹੁੰਦਾ
ਨਹੀਂ ਵਾਧੂ ਅੱਖਰ ਲੋੜ ਲਿਖ਼ਣ ਦੀ
ਮੈ ਕਿਹੜਾ ਆ ਕਾਜੀ, ਭਾ ਜੀ
ਭਾ, ਜੀ ਨੂੰ ਅੱਡ ਅੱਡ ਕਰ ਦਿਓ
ਆਪੇ ਬਣਜੂ ਭਾ,,,,,ਜੀ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**
76528 16074

# ਉਜਾੜਾ

ਜੰਗ ਹੋਵੇ ਜਾਂ ਹੜ ਅਸਰ ਤਾਂ ਮਾੜਾ ਏ
ਚੜਦਾ ਹੋਵੇ ਜਾਂ ਲਹਿੰਦਾ ਸਭ ਉਜਾੜਾ ਏ
ਉਜੜ ਜਾਂਦਾ ਏ ਸਭ ਹਸ਼ਰ ਤਾਂ ਮਾੜਾ ਏ

ਕਿਸੇ ਨੇ ਆਸਾਂ ਲਾਈਆਂ ਸੀ
ਕਿ ਧੀ ਦਾ ਵਿਆਹ ਵੀ ਕਰਨਾ ਏ
ਕਿਸੇ ਨੇ ਆਸਾਂ ਲਾਈਆਂ ਸੀ
ਕਿ ਪੁੱਤ ਮੇਰੇ ਨੇ ਪੜਨਾ ਏ
ਪਾਣੀ ਵੇਖ ਕੇ ਹਰ ਕੋਈ ਆਖੇ
ਰੱਬ ਇਹ ਕੀ ਕਹਿਰ ਗੁਜ਼ਾਰਾ ਏ
ਜੰਗ ਹੋਵੇ ਜਾਂ ਹੜ....

ਕਈ ਦੁੱਖ ਚ ਕੋਈ ਗਮੀ ਚ ਪਾਣੀ ਵੇਖ ਰਹੇ
ਕਈ ਲੀਡਰ ਇਸ ਆਫਤ ਤੇ ਰੋਟੀਆਂ ਸੇਕ ਰਹੇ
65 ,71 ਤੇ ਕਦੇ 88 ਨੇ ਪਾਇਆ ਖਿਲਾਰਾ ਏ
ਜੰਗ ਹੋਵੇ ਜਾ ਹੜ....

ਦਾਣਾ-ਪਾਣੀ ਰੁੜਿਆ , ਮਾਲ-ਡੰਗਰ ਰੁੜਿਆ ਏ
ਹੁੰਦਾ ਸੀ ਜ਼ੋ ਅੰਨਦਾਤਾ, ਅੱਜ ਰੋਟੀ ਤੋਂ ਥੁੜ੍ਹਿਆ ਏ
ਤੇਰਾ ਰੁਕਦਾ ਨਾ ਦਿਸਦਾ ਜ਼ਬਰ
ਸਾਡਾ ਟੁੱਟਿਆ ਸਬਰ ਸਾਰਾ ਏ
ਜੰਗ ਹੋਵੇ ਜਾਂ ਹੜ...

ਬੱਚੇ, ਬੁੱਢੇ ਰੋਣ, ਰੋਂਦਾ ਟੱਬਰ ਸਾਰਾ ਏ
ਸਮਾਂ ਤਾਂ ਜਾਂਦਾ ਲੰਘ, ਔਖਾ ਹੋਣਾ ਗੁਜ਼ਾਰਾ ਏ
ਕੀਤਾ ਜੋ ਹਾਲ ਉਜਾੜੇ ਨੇ ਭਾਰਾ ਏ
ਹੁਣ ਨਜ਼ਰ ਮਿਹਰ ਦੀ ਕਰ , ਹੈਪੀ ਕੱਢਦਾ ਹਾੜਾ ਏ
ਹੁਣ ਨਜ਼ਰ ਮਿਹਰ ਦੀ ਕਰ , ਹੈਪੀ ਕੱਢਦਾ ਹਾੜਾ ਏ



**ਹਰਪ੍ਰੀਤ ਸਿੰਘ ਕਚੂਰਾ**
**ਪਿੰਡ ਮੱਤੜ ਹਿਠਾੜ**
**ਜਿਲ੍ਹਾ ਫਿਰੋਜ਼ਪੁਰ**
ਮੋ. ਨੰ. 9478922845

# ਐਨਾ ਕਹਿਰ ਨਾ ਕਰ

ਕੁਦਰਤੇ ਕੁੱਝ ਤਾਂ ਰਹਿਮ ਕਰ
ਕਿੰਨਾ ਹੀ ਹੋ ਗਿਆ ਨੁਕਸਾਨ
ਕਿੰਨੀਆਂ ਹੀ ਚਲੀ ਗਈਆਂ ਜਾਨਾਂ
ਧਰਤੀ ਦਾ ਨਾ ਸਰਵ ਨਾਸ਼ ਕਰ
ਕੁਦਰਤੇ ਹੁਣ ਤਾਂ ਗ਼ਲਤੀ ਮਾਫ਼ ਕਰ
ਐਨਾ ਕਹਿਰ ਨਾ ਕਰ॥
ਅਤਿ ਸੁੰਦਰ ਪਾਕ ਪਵਿੱਤਰ ਰੂਪ ਰੇਖਾ
ਜ਼ਾਲਮ ਨਿਰਮੋਹੀ ਨਾ ਬਣ
ਆਪਣੇ ਵਸੀਦਿਆ ਦਾ ਖ਼ਿਆਲ ਕਰ
ਦੁੱਖਾਂ ਦਰਦਾਂ ਦੀ ਨਾ ਵਜ੍ਹਾ ਬਣ
ਪਾਲਣਹਾਰੀ ਕੁਦਰਤੇ ਜੀਵਨ ਦਾਨ ਕਰ
ਕੁਦਰਤੇ ਹੁਣ ਤਾਂ ਗ਼ਲਤੀ ਮਾਫ਼ ਕਰ
ਐਨਾ ਕਹਿਰ ਨਾ ਕਰ॥
ਫ਼ਰਿਆਦ ਤੈਨੂੰ ਕੁਦਰਤੇ
ਕਰਮਾਂ ਦਾ ਹਿਸਾਬ ਨਾ ਕਰ
ਸਾਡੀ ਚੰਗੀ ਮੰਦੀ ਦਾ ਪਰਦਾ ਕਰ
ਨਿਰਦੋਸ਼ ਮਾਸੂਮਾਂ ਨੂੰ ਨਾ ਬਲੀ ਧਰ
ਰੋਂਦੀਆਂ ਵਿਲਕਦੀਆਂ ਰੂਹਾਂ ਦਾ ਦੋਸ਼
ਆਪਣੇ ਸਿਰ ਤੇ ਨਾ ਕਰ
ਕੁਦਰਤੇ ਹੁਣ ਤਾਂ ਗ਼ਲਤੀ ਮਾਫ਼ ਕਰ
ਐਨਾ ਕਹਿਰ ਨਾ ਕਰ
ਐਨਾ ਕਹਿਰ ਨਾ ਕਰ।



**ਰਜਨੀ ਦੇਵੀ (ਖਨੌਰੀ)**
**ਈ ਟੀ ਟੀ ਅਧਿਆਪਕਾ**
**ਸ.ਪ੍ਰ.ਸ ਢੰਡੋਲੀ ਕਲਾ**



# ਯੁੱਧ ਨਸ਼ਿਆ ਵਿਰੁੱਧ ਤਹਿਤ ਪ੍ਰੋਗਰਾਮ ਕਰਵਾਇਆ





**ਫਤਿਹਗੜ੍ਹ ਸਾਹਿਬ (ਰਮੇਸ਼ਵਰ ਸਿੰਘ)** ਅੱਜ ਡਾਇਰੈਕਟੋਰੇਟ ਆਫ ਯੁਵਕ ਸੇਵਾਵਾਂ ਪੰਜਾਬ ਵੱਲੋ ਨਸ਼ਿਆ ਵਿਰੁੱਧ ਜਾਗਰੂਕਤਾ ਅਭਿਆਨ 2025 ਤਹਿਤ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਸਹੀਦ ਭਗਤ ਸਿੰਘ ਨਗਰਸ.ਮਨਤੇਜ ਸਿੰਘ ਚੀਮਾ, ਗੁਰਪ੍ਰੀਤ ਕੌਰ (ਸਟੈਨੋ) ਤੇ ਗੁਰਦਾਸ ਐਂਟਰਟੇਨਰਜ਼ ਕਲਚਰਲ ਕਲੱਬ (ਰਜਿ.) ਪਿੰਡ ਰਟੈਂਡਾ ਦੇ ਸਹਿਯੋਗ ਨਾਲ ਕਲੱਬ ਦੇ ਚੇਅਰਮੈਨ ਸ. ਸੁਨੀਲ ਕੁਮਾਰ ਦੀ ਅਗਵਾਈ ਹੇਠ ਯੁੱਧ ਨਸ਼ਿਆ ਵਿਰੁੱਧ ਇਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਨਸ਼ਿਆ ਖਿਲਾਫ ਜਗਾਉਣਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਸਰਫਰੋਸ਼ ਰੰਗਮੰਚ ਸ਼੍ਰੀ ਫਤਹਿਗੜ੍ਹ ਸਾਹਿਬ ਵੱਲੋਂ ਨਾਟਕ ਡਾਇਰੈਕਟਰ ਡਾਲੀ ਸਿੰਘ ਸ਼ਾਹ ਤੇ ਵਿਸ਼ਾਲ ਸਿੰਘ ਦੀ ਅਗਵਾਈ ਨਸ਼ਿਆ ਵਿਰੁੱਧ ਨੁਕੜ ਨਾਟਕ ਤੇ ਪੰਜਾਬੀ ਭੰਡ ਨਾਲ ਕੀਤੀ ਗਈ। ਮਸ਼ਹੂਰ ਪੰਜਾਬੀ ਲੋਕ ਗਾਇਕ ਪਰਮਿੰਦਰ ਸੇਖੋਂ ਨੇ ਨਸ਼ਿਆ ਗੱਭਰੂ ਪੱਟਤੇ ਗੀਤ ਗਾਇਆ। ਇਸ ਮੌਕੇ ਕਲੱਬ ਚੇਅਰਮੈਨ ਨੇ ਨਸ਼ਿਆਂ ਤੋਂ ਹੋਣ ਵਾਲੇ ਮਾੜੇ ਪ੍ਰਭਾਵ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੇ ਰਾਹਾਂ ਤੇ ਨਾ ਤੁਰਨ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਵਿਚ ਕਲੱਬ ਦੇ ਹੋਰ ਮੈਂਬਰਾਂ ਨੇ ਵੀ ਭਾਗ ਲਿਆ, ਜਿਸ ਵਿੱਚ ਮਨਦੀਪ ਕੁਮਾਰ, ਮਨਦੀਪ ਸਿੰਘ ਲੋਟੇ, ਗੌਰਵ, ਸਨਪ੍ਰੀਤ ਸਿੰਘ, ਜਸਕਰਨ ਰੱਤੂ, ਜਸ਼ਨਦੀਪ ਨਾਫ਼ਰ, ਨਵਜੋਤ ਨਾਫ਼ਰ, ਅਮਰਦੀਪ ਬਾਗਲਾ ਅਮਿਤ ਨਾਫ਼ਰ , ਜੁਵਰਾਜ ਮੈਹਿਮੀ,ਹਰਜੀਤ ਕੁਮਾਰ, ਜਸਕਰਨ ਰੱਤੂ, ਪ੍ਰਿੰਸ ਰਾਮ, ਸੋਮ ਨਾਥ ਪੰਚ, ਮਾਸਟਰ ਸਤਪਾਲ ਸਿੰਘ ਆਦਿ ਸ਼ਾਮਿਲ ਸਨ। ਪ੍ਰੋਗਰਾਮ ਦੇ ਅੰਤ 'ਚ ਕਲੱਬ ਦੇ ਚੇਅਰਮੈਨ ਸ਼੍ਰੀ.ਸੁਨੀਲ ਕੁਮਾਰ ਵਲੋਂ ਸਾਰੇ ਸਹਿਯੋਗੀਆਂ ਦਾ, ਖਾਸ ਕਰਕੇ ਲੋਕਲ ਨੌਜਵਾਨਾਂ ਅਤੇ ਮੀਡੀਆ ਸਾਥੀਆਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਇਹ ਸਮਾਗਮ ਸਫਲ ਬਣਾਉਣ ਵਿਚ ਆਪਣਾ ਯੋਗਦਾਨ ਪਾਇਆ।

# ਸੱਚਾ ਦੋਸਤ

ਜਦੋਂ ਕੋਈ ਇਨਸਾਨ ਜਨਮ ਲੈਂਦਾ ਹੈ, ਤਾਂ ਉਹ ਇਸ ਦੁਨੀਆਂ ਵਿੱਚ ਇਕੱਲਾ ਆਉਂਦਾ ਹੈ। ਫਿਰ ਉਸਦੇ ਆਪਣੇ ਮਾਪਿਆਂ, ਭੈਣ-ਭਰਾਵਾਂ ਆਦਿ ਨਾਲ ਰਿਸ਼ਤੇ ਬਣਦੇ ਹਨ। ਇਹ ਸਾਰੇ ਰਿਸ਼ਤੇ ਜਨਮ ਤੋਂ ਹੀ ਸਾਡੇ ਨਾਲ ਜੁੜੇ ਹੋਏ ਹਨ। ਕਈ ਵਾਰ ਸਾਡਾ ਜੀਵਨ ਸਾਥੀ ਵੀ ਦੂਜੇ ਹੀ ਲੱਭਦੇ ਹਨ। ਪਰ ਇੱਕ ਰਿਸ਼ਤਾ ਅਸੀਂ ਆਪ ਚੁਣਦੇ ਹਾਂ ਉਹ ਰਿਸ਼ਤਾ ਹੈ ਦੋਸਤੀ ਦਾ। ਦੋਸਤੀ ਇੱਕ ਅਨਮੋਲ ਰਿਸ਼ਤਾ ਹੈ ਜੋ ਜ਼ਿੰਦਗੀ ਨੂੰ ਖੁਸ਼ੀ ਨਾਲ ਭਰ ਦਿੰਦਾ ਹੈ। ਇੱਕ ਸੱਚਾ ਦੋਸਤ ਸਿਰਫ਼ ਉਸਦੇ ਬੋਲਣ ਦੇ ਲਹਿਜੇ ਜਾਂ ਚਿਹਰੇ ਨੂੰ ਦੇਖ ਕੇ ਨਹੀਂ ਬਣਦਾ, ਸਗੋਂ ਉਹ ਤੁਹਾਡੀਆਂ ਖੂਬੀਆਂ ਅਤੇ ਕਮਜ਼ੋਰੀਆਂ ਨੂੰ ਸਮਝਦਾ ਹੈ। ਇਹ ਉਹ ਰਿਸ਼ਤਾ ਹੈ ਜਿਸ ਵਿੱਚ ਅਸੀਂ ਆਰਾਮਦਾਇਕ ਮਹਿਸੂਸ ਕਰਦੇ ਹਾਂ।ਦੋਸਤੀ ਇੱਕ ਅਜਿਹਾ ਬੰਧਨ ਹੈ ਜਿਸ ਵਿੱਚ ਪਿਆਰ, ਵਿਸ਼ਵਾਸ ਅਤੇ ਆਪਸੀ ਸਮਝ ਹੁੰਦੀ ਹੈ, ਜਿਸ ਵਿੱਚ ਅਸੀਂ ਬਿਨਾਂ ਕਿਸੇ ਸਵਾਰਥ ਦੇ ਇੱਕ ਦੂਜੇ ਨਾਲ ਆਪਣੀਆਂ ਖੁਸ਼ੀਆਂ ਅਤੇ ਦੁੱਖ ਸਾਂਝੇ ਕਰਦੇ ਹਾਂ। ਇਸ ਲਈ, ਜ਼ਿੰਦਗੀ ਵਿੱਚ ਇੱਕ ਸੱਚਾ ਦੋਸਤ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਪਰਿਵਾਰ ਤੋਂ ਬਾਅਦ ਕੋਈ ਮਹੱਤਵਪੂਰਨ ਰਿਸ਼ਤਾ ਹੈ, ਤਾਂ ਉਹ ਦੋਸਤੀ ਦਾ ਰਿਸ਼ਤਾ ਹੈ। ਇੱਕ ਸੱਚਾ ਦੋਸਤ ਇੱਕ ਮਜ਼ਬੂਤ ਥੰਮ੍ਹ ਵਾਂਗ ਹੁੰਦਾ ਹੈ ਜੋ ਹਮੇਸ਼ਾ ਤੁਹਾਡੇ ਨਾਲ ਖੜ੍ਹਾ ਹੁੰਦਾ ਹੈ।

ਅਸੀਂ ਆਪਣੀ ਜ਼ਿੰਦਗੀ ਵਿੱਚ ਬਹੁਤ ਸਾਰੇ ਲੋਕਾਂ ਨੂੰ ਮਿਲਦੇ ਹਾਂ, ਉਨ੍ਹਾਂ ਨਾਲ ਵਿਚਾਰ ਸਾਂਝੇ ਕਰਦੇ ਹਾਂ। ਪਰ ਜੋ ਸਾਨੂੰ ਚੰਗੀ ਤਰ੍ਹਾਂ ਸੁਣਦਾ ਹੈ, ਸਾਨੂੰ ਸਮਝਦਾ ਹੈ, ਸਾਡੀਆਂ ਚੰਗੀਆਂ ਗੱਲਾਂ ਦੀ ਕਦਰ ਕਰਦਾ ਹੈ ਅਤੇ ਸਾਨੂੰ ਸਾਡੀਆਂ ਕਮੀਆਂ ਦੱਸਦਾ ਹੈ, ਉਹ ਸਾਡਾ ਸੱਚਾ ਦੋਸਤ ਬਣ ਜਾਂਦਾ ਹੈ। ਉਹ ਤੁਹਾਨੂੰ ਤੁਹਾਡੇ ਚੰਗੇ ਅਤੇ ਮਾੜੇ ਦੋਵਾਂ ਪਹਿਲੂਆਂ 'ਤੇ ਸਲਾਹ ਦਿੰਦਾ ਹੈ। ਸੱਚੀ ਦੋਸਤੀ ਇੱਕੋ ਫੋਟੋ ਫਰੇਮ ਵਿੱਚ ਹੋਣ, ਪਾਰਟੀਆਂ ਵਿੱਚ ਜਾਣ, ਮੌਜ-ਮਸਤੀ ਕਰਨ, ਹਮੇਸ਼ਾ ਇੱਕ ਦੂਜੇ ਦੇ ਨੇੜੇ ਰਹਿਣ ਅਤੇ ਹਰ ਰੋਜ਼ ਇੱਕ ਦੂਜੇ ਨਾਲ ਗੱਲਾਂ ਕਰਨ ਬਾਰੇ ਨਹੀਂ ਹੈ। ਤੁਹਾਡਾ ਸੱਚਾ ਦੋਸਤ ਤੁਹਾਡੀਆਂ ਖੁਸ਼ੀਆਂ ਅਤੇ ਦੁੱਖਾਂ ਵਿੱਚ ਤੁਹਾਡੇ ਨਾਲ ਰਹਿੰਦਾ ਹੈ ਭਾਵੇਂ ਉਹ ਦੂਰ ਹੋਵੇ। ਹੋ ਸਕਦਾ ਹੈ ਕਿ ਉਸ ਕੋਲ ਹਮੇਸ਼ਾ ਤੁਹਾਡੇ ਨਾਲ ਰਹਿਣ ਲਈ ਸਮਾਂ ਨਾ ਹੋਵੇ ਪਰ ਉਹ ਤੁਹਾਡੇ ਔਖੇ ਸਮੇਂ ਵਿੱਚ ਤੁਹਾਡਾ ਸਾਥ ਜ਼ਰੂਰ ਦਿੰਦਾ ਹੈ। ਉਹ ਲੋੜ ਪੈਣ 'ਤੇ ਤੁਹਾਡੇ ਲਈ ਸਮਾਂ ਵੀ ਕੱਢਦਾ ਹੈ ਅਤੇ ਤੁਹਾਡੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਵੀ ਤੁਹਾਡੇ ਨਾਲ ਚੱਲਦਾ ਹੈ। ਇੱਕ ਸੱਚਾ ਦੋਸਤ ਤੁਹਾਡੀਆਂ ਕਮੀਆਂ ਦੇ ਬਾਵਜੂਦ ਤੁਹਾਨੂੰ ਸਵੀਕਾਰ ਕਰਦਾ ਹੈ ਅਤੇ ਹੌਲੀ-ਹੌਲੀ ਉਨ੍ਹਾਂ ਕਮੀਆਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਉਹ ਤੁਹਾਨੂੰ ਤੁਹਾਡੀਆਂ ਕਮੀਆਂ ਦੱਸਦਾ ਹੈ, ਭਾਵੇਂ ਤੁਸੀਂ ਉਸ 'ਤੇ ਗੁੱਸੇ ਹੋਵੋ, ਪਰ ਤੁਹਾਡਾ ਦੋਸਤ ਹੋਣ ਦੇ ਨਾਤੇ, ਉਹ ਹਮੇਸ਼ਾ ਤੁਹਾਡੀਆਂ ਕਮੀਆਂ ਬਾਰੇ ਦੱਸ ਕੇ ਉਨ੍ਹਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰਦਾ ਹੈ। ਇੱਕ ਦੋਸਤ ਇੱਕ ਮਾਰਗਦਰਸ਼ਕ ਵਾਂਗ ਹੁੰਦਾ ਹੈ। ਇੱਕ ਸੱਚਾ ਦੋਸਤ ਸਾਡੀਆਂ ਭਾਵਨਾਵਾਂ ਨੂੰ ਵੀ ਸਮਝਦਾ ਹੈ। ਜੇਕਰ ਤੁਸੀਂ ਪਰੇਸ਼ਾਨ ਦਿਖਾਈ ਦਿੰਦੇ ਹੋ, ਤਾਂ ਉਹ ਜਾਣਨਾ ਚਾਹੇਗਾ ਕਿ ਤੁਹਾਡੀ ਸਮੱਸਿਆ ਕੀ ਹੈ ਅਤੇ ਤੁਹਾਡੇ ਨਾਲ ਉਸ ਸਮੱਸਿਆ ਨੂੰ ਹੱਲ ਕਰਨ ਦੀ ਪੂਰੀ ਕੋਸ਼ਿਸ਼ ਕਰੇਗਾ।ਇੱਕ ਸੱਚਾ ਦੋਸਤ ਲੱਭਣਾ ਬਹੁਤ ਮੁਸ਼ਕਲ ਹੈ। ਕੁਝ ਲੋਕ ਆਪਣੇ ਫਾਇਦੇ ਲਈ ਦੋਸਤੀ ਕਰਦੇ ਹਨ। ਉਹ ਤੁਹਾਡੇ ਨੇੜੇ ਬੈਠਣਗੇ ਅਤੇ ਤੁਹਾਡੀ ਪ੍ਰਸ਼ੰਸਾ ਕਰਦੇ ਰਹਿਣਗੇ ਅਤੇ ਦੂਜਿਆਂ ਨੂੰ ਬੁਰਾ-ਭਲਾ ਕਹਿੰਦੇ ਰਹਿਣਗੇ। ਉਹ ਤੁਹਾਡੀ ਚਾਪਲੂਸੀ ਕਰਨਗੇ ਪਰ ਇਹ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਉਨ੍ਹਾਂ ਦਾ ਮਕਸਦ ਪੂਰਾ ਨਹੀਂ ਹੋ ਜਾਂਦਾ। ਅਜਿਹੇ ਲੋਕਾਂ ਨਾਲ ਦੋਸਤੀ ਕਰਨ ਤੋਂ ਬਚਣਾ ਚਾਹੀਦਾ ਹੈ। ਸਾਨੂੰ ਦੋਸਤੀ ਇਸ ਲਈ ਨਹੀਂ ਕਰਨੀ ਚਾਹਿਦੀ ਕਿ ਅਸੀਂ ਦੂਜਿਆਂ ਬਾਰੇ ਬੁਰਾ ਬੋਲ ਸਕੀਏ ਸਗੋਂ ਇਸ ਲਈ ਕਰਨੀ ਪੈਂਦੀ ਹੈ ਕਿ ਅਸੀਂ ਇੱਕ ਦੂਜੇ ਦੀਆਂ ਕਮੀਆਂ ਨੂੰ ਸਮਝ ਸਕੀਏ ਅਤੇ ਖੁਸ਼ੀ ਅਤੇ ਦੁੱਖ ਵਿੱਚ ਇੱਕ ਦੂਜੇ ਦਾ ਸਾਥ ਦੇ ਸਕੀਏ।

ਇੱਕ ਸੱਚਾ ਦੋਸਤ ਉਹ ਹੁੰਦਾ ਹੈ ਜੋ ਹਰ ਸਥਿਤੀ ਵਿੱਚ ਤੁਹਾਡੇ ਨਾਲ ਖੜ੍ਹਾ ਹੁੰਦਾ ਹੈ। ਉਹ ਤੁਹਾਡੀ ਖੁਸ਼ੀ ਅਤੇ ਦੁੱਖ ਵਿੱਚ ਤੁਹਾਡਾ ਸਾਥ ਦਿੰਦਾ ਹੈ, ਤੁਹਾਡੀਆਂ ਗਲਤੀਆਂ ਨੂੰ ਸੁਧਾਰਨ ਵਿੱਚ ਮਦਦ ਕਰਦਾ ਹੈ ਅਤੇ ਤੁਹਾਨੂੰ ਸਹੀ ਰਸਤੇ 'ਤੇ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਸੱਚੀ ਦੋਸਤੀ ਜ਼ਿੰਦਗੀ ਨੂੰ ਅਮੀਰ ਬਣਾਉਂਦੀ ਹੈ ਅਤੇ ਸਾਨੂੰ ਆਤਮਵਿਸ਼ਵਾਸ ਅਤੇ ਸੁਰੱਖਿਅਤ ਮਹਿਸੂਸ ਕਰਾਉਂਦੀ ਹੈ। ਇੱਕ ਸੱਚਾ ਦੋਸਤ ਤੁਹਾਡੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆ ਸਕਦਾ ਹੈ ਅਤੇ ਤੁਹਾਨੂੰ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਮਦਦ ਕਰ ਸਕਦਾ ਹੈ। ਸੱਚੀ ਦੋਸਤੀ ਇੱਕ ਕੀਮਤੀ ਰਿਸ਼ਤਾ ਹੈ।



**ਰਸ਼ਪਾਲ ਕੌਰ**
**ਹਿੰਦੀ ਅਧਿਆਪਕ**
**ਸ.ਸ.ਸ. ਸਕੂਲ ਪਰਮਜੀਤਪੁਰ**
**(ਕਪੂਰਥਲਾ)**

# ਹੜ੍ਹਾਂ ਦਾ ਕਾਰਨ ,ਕੁਦਰਤੀ ਜਾਂ ਗਲਤੀ

ਪੂਰੀ ਦੁਨੀਆਂ ਵਿੱਚ, ਜਿੱਥੇ ਵੀ, ਜਦੋਂ ਵੀ ਹੜ੍ਹ ਆਉਂਦੇ ਹਨ, ਉਹ ਕੁਦਰਤੀ ਕਰੋਪੀ ਕਾਰਨ ਹੀ ਆਉਂਦੇ ਹਨ। ਕੋਈ ਵੀ ਇਨਸਾਨ ਨਾਂ ਤਾਂ ਕੁਦਰਤ ਦੀ ਕਰੋਪੀ ਨੂੰ ਰੋਕ ਸਕਦਾ ਹੈ, ਤੇ ਨਾ ਹੀ ਇਸ ਤੋਂ ਬਚ ਸਕਦਾ ਹੈ। ਕਿਉਂਕਿ ਜੇ ਕੁਦਰਤ ਦੀ ਕਰੋਪੀ ਨੂੰ ਰੋਕਿਆ ਜਾ ਸਕਦਾ ਹੁੰਦਾ ਤਾਂ ਸਾਡੇ ਦੇਸ਼ ਚ ਹੜ੍ਹ ਤਾਂ ਕੀ ਕੁਦਰਤ ਦੀ ਕੋਈ ਹੋਰ ਕਰੋਪੀ ਵੀ ਕਦੇ ਕੋਈ ਕਹਿਰ ਨਹੀਂ ਬਰਪਾ ਸਕਦੀ ਸੀ। ਕਿਉਂਕਿ ਸਾਡੇ ਦੇਸ਼ ਚ ਕੁਦਰਤੀ ਕਰੋਪੀਆਂ ਤੋਂ ਬਚਾਉਣ ਵਾਲੇ ਬਾਬੇ ਤੇ ਤਾਂਤਰਿਕ ਪਿੰਡ ਪਿੰਡ ਗਲੀ ਗਲੀ ਬੈਠੇ ਹਨ। ਬੇਸ਼ੱਕ ਹੜ੍ਹ ਆਉਣ ਦਾ ਮੁੱਖ ਕਾਰਨ ਕੁਦਰਤੀ ਕਰੋਪੀ ਹੀ ਹੈ,ਪਰ ਇਹਨਾਂ ਹੜ੍ਹਾਂ ਨੂੰ ਭਿਆਨਕ ਤਬਾਹੀ ਵਾਲਾ ਰੁਦਰ ਰੂਪ ਦੇਣ ਲਈ ਇਨਸਾਨੀ ਗਲਤੀਆਂ ਵੀ ਜਿਮੇਵਾਰ ਹਨ। ਇਹ ਜਾਣਦੇ ਹੋਏ ਵੀ ਕਿ ਪਾਣੀ ਦਾ ਰੁਖ ਮੋੜਨਾ ਨਾਮੁਮਕਿਨ ਹੈ, ਅਸੀਂ ਪਾਣੀ ਦਾ ਰੁਖ ਮੋੜਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਾਂ। ਸਦੀਆਂ ਤੋਂ ਬਣੇ ਬਰਸਾਤੀ ਪਾਣੀ ਦਾ ਵਹਾਅ ਰੋਕਣ ਦੀ ਕੋਸ਼ਿਸ਼ ਕਰ ਰਹੇ ਹਾਂ। ਗੈਰ ਕੁਦਰਤੀ ਤਰੀਕਿਆਂ ਨਾਲ ਪਾਣੀ ਨੂੰ ਬੰਨ੍ਹ ਮਾਰਨੇ, ਤੇ ਫਿਰ ਆਪਣੀਆਂ ਲੋੜਾਂ ਮੁਤਾਬਿਕ ਪਾਣੀ ਦਾ ਵਹਾਅ ਮੋੜਨਾਂ, ਇਹ ਸਾਰਾ ਵਰਤਾਰਾ ਕੁਦਰਤੀ ਕਰੋਪੀ ਨੂੰ ਰੁਦਰ ਰੂਪ ਧਾਰਨ ਕਰਨ ਦਾ ਕਾਰਨ ਬਣਦਾ ਹੈ। ਕੁੱਲ ਮਿਲਾਕੇ ਮੈਂ ਇਹ ਹੀ ਕਹਾਂਗਾ ਕਿ ਹੜ੍ਹਾਂ ਦਾ ਕਾਰਨ ਕੁਦਰਤੀ ਤੇ ਇਨਸਾਨੀ ਗਲਤੀ ਹੈ। ਕੁਦਰਤ ਦਾ ਥਾਅ ਨਾਂ ਕੋਈ ਪਾ ਸਕਿਆ ਹੈ ਤੇ ਨਾ ਹੀ ਪਾ ਸਕੇ ਗਾ।ਇਸ ਲਈ ਭਵਿੱਖ ਵਿੱਚ ਇਸ ਕੁਦਰਤੀ ਕਰੋਪੀ ਤੋਂ ਬਚਣ ਲਈ, ਸਾਨੂੰ ਕੁਦਰਤ ਨਾਲ ਖਿਲਵਾੜ ਕਰਨ ਤੋਂ ਬਚਣਾਂ ਚਾਹੀਦਾ ਹੈ। ਤੇ



ਸਰਕਾਰਾਂ ਨੂੰ ਵੀ ਸਮੇਂ ਸਮੇਂ ਡੈਮਾਂ, ਬੰਨ੍ਹਾਂ, ਦਰਿਆਵਾਂ, ਚੋਆਂ, ਨਹਿਰਾਂ ਤੇ ਖਾਲਿਆਂ ਦੀ ਸਫਾਈ ਕਰਵਾਉਂਦੇ ਰਹਿਣਾ ਚਾਹੀਦਾ ਹੈ, ਤਾਂ ਕਿ ਪਾਣੀ ਆਪਣੇ ਵਹਾਅ ਅਨੁਸਾਰ ਵਹਿੰਦਾ ਰਹੇ।

**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

# ਚੜ੍ਹਦਾ ਸੂਰਜ ਅਭਿਆਨ - ਡੀ.ਸੀ ਆਸ਼ਿਕਾ ਜੈਨ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਿਤ ਲੋਕਾਂ ਤੱਕ ਰਾਹਤ ਅਤੇ ਉਮੀਦ ਪਹੁੰਚੀ

## ਰੈੱਡ ਕਰਾਸ ਅਤੇ ਗੈਰ-ਸਰਕਾਰੀ ਸੰਗਠਨਾਂ ਦੀ ਮਦਦ ਨਾਲ ਹੁਸ਼ਿਆਰਪੁਰ ਦੇ ਹੜ੍ਹ ਪ੍ਰਭਾਵਿਤ ਲੋਕਾਂ ਤੱਕ ਹਰ ਸੰਭਵ ਮਦਦ ਪਹੁੰਚੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹੁਸ਼ਿਆਰਪੁਰ ਜ਼ਿਲ੍ਹੇ ਵਿਚ ਕਈ ਥਾਵਾਂ 'ਤੇ ਆਏ ਹੜ੍ਹਾਂ ਨੇ ਕਈ ਪਿੰਡ ਪ੍ਰਭਾਵਿਤ ਕੀਤੇ, ਪਰ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਕੁਸ਼ਲ ਅਗਵਾਈ ਨੇ ਇਸ ਆਫ਼ਤ ਨੂੰ ਸੇਵਾ ਅਤੇ ਸਹਿਯੋਗ ਦੀ ਲਹਿਰ ਵਿੱਚ ਬਦਲ ਦਿੱਤਾ। "ਚੜ੍ਹਦਾ ਸੂਰਜ ਅਭਿਆਨ" ਤਹਿਤ, ਜ਼ਿਲ੍ਹਾ ਪ੍ਰਸ਼ਾਸਨ ਅਤੇ ਗੈਰ-ਸਰਕਾਰੀ ਸੰਗਠਨਾਂ ਨੇ ਮਿਲ ਕੇ ਰਾਹਤ ਕਾਰਜ ਯੋਜਨਾਬੱਧ ਅਤੇ ਮਨੁੱਖੀ ਢੰਗ ਨਾਲ ਕੀਤੇ ਹਨ, ਜੋ ਜ਼ਿਲ੍ਹੇ ਲਈ ਇੱਕ ਉਦਾਹਰਣ ਬਣ ਗਿਆ ਹੈ। ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਅਤੇ ਪੁਨਰਵਾਸ ਦਾ ਕੰਮ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਰੈੱਡ ਕਰਾਸ ਸੋਸਾਇਟੀ, ਉੱਨਤੀ ਸਹਿਕਾਰੀ ਸਭਾ, ਬਾਬਾ ਦੀਪ ਸਿੰਘ ਵੈਲਫੇਅਰ ਸੋਸਾਇਟੀ, ਗੁਰੂ ਨਾਨਕ ਸੇਵਾ ਸੋਸਾਇਟੀ (ਪਿੰਡ ਗੇਰਾ, ਮੁਕੇਰੀਆਂ), ਦੋਆਬਾ ਕਿਸਾਨ ਸੰਘਰਸ਼ ਕਮੇਟੀ, ਹਿਊਮੈਨਿਟੀ ਫਸਟ, ਸਰਬੱਤ ਦਾ ਭਲਾ ਸੇਵਾ ਸੋਸਾਇਟੀ, ਗੁਰਦੁਆਰਾ ਛੇਵੀਂ ਪਾਤਸ਼ਾਹੀ ਪੁਲਪੁਖਤਾ, ਪਿੰਡ ਪੱਸੀ ਬੇਟ, ਪਿੰਡ ਗਿਲਜੀਆਂ, ਪਿੰਡ ਨੌਸ਼ਹਿਰਾ ਪੱਤਣ, ਲਾਇਨਜ਼ ਕਲੱਬ ਟਾਂਡਾ, ਪੇਂਟ ਐਂਡ ਹਾਰਡਵੇਅਰ ਐਸੋਸੀਏਸ਼ਨ, ਗੁਰੂ ਰਾਮਦਾਸ ਸੇਵਾ ਸੋਸਾਇਟੀ ਅਤੇ ਹੋਰ ਸਮਾਜ ਸੇਵੀਆਂ ਦੀ ਅਗਵਾਈ ਹੇਠ ਲੰਗਰ ਸੇਵਾ, ਜਾਨਵਰਾਂ ਨੂੰ ਚਾਰਾ ਅਤੇ ਹੋਰ ਰਾਹਤ ਕਾਰਜਾਂ



ਦੇ ਕੰਮ ਨੂੰ ਤੇਜ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਬਾ ਦੀਪ ਸਿੰਘ ਵੈਲਫੇਅਰ ਸੋਸਾਇਟੀ ਅਤੇ ਸਿਵਲ ਡਿਫੈਂਸ ਵਲੰਟੀਅਰਾਂ ਨੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਵਿਸ਼ੇਸ਼ ਯਤਨ ਕੀਤੇ ਹਨ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਹੁਣ ਤੱਕ 1225 ਤੋਂ ਵੱਧ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਪਹੁੰਚਾਈ ਜਾ ਚੁੱਕੀ ਹੈ। ਟਾਂਡਾ ਦੇ ਪਿੰਡ ਅਬਦੁੱਲਾਪੁਰ ਵਿੱਚ 375 ਲੋਕਾਂ ਨੂੰ, ਤਲਵਾੜਾ ਦੇ ਪਿੰਡ ਝਿੰਗੜਵਾਂ ਵਿੱਚ 150 ਲੋਕਾਂ ਨੂੰ, ਮੁਕੇਰੀਆਂ ਦੇ ਮਹਿਤਾਬਪੁਰ ਵਿੱਚ 300 ਲੋਕਾਂ ਨੂੰ, ਹਲੇੜ ਵਿੱਚ 100 ਲੋਕਾਂ ਨੂੰ, ਕੋਲੀਆਂ ਵਿੱਚ 200 ਲੋਕਾਂ ਨੂੰ ਅਤੇ ਮਿਆਣੀ ਮਾਲਾਹ ਵਿੱਚ 100 ਪ੍ਰਭਾਵਿਤ ਲੋਕਾਂ ਨੂੰ ਤਰਪਾਲਾਂ ਅਤੇ ਸਫਾਈ ਕਿੱਟਾਂ ਦਿੱਤੀਆਂ ਗਈਆਂ। ਉੱਨਤੀ ਸਹਿਕਾਰੀ ਸਭਾ ਨੇ ਝਿੰਗੜਵਾਂ ਰਾਹਤ ਕੈਂਪ ਵਿੱਚ 150 ਪੀੜਤਾਂ ਲਈ ਤਿੰਨ ਸਮੇਂ ਦਾ ਭੋਜਨ ਯਕੀਨੀ ਬਣਾਇਆ। ਰੈੱਡ ਕਰਾਸ ਸੋਸਾਇਟੀ ਨੇ ਭਵਿੱਖ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ 2000 ਸਫਾਈ ਕਿੱਟਾਂ, ਤਰਪਾਲਾਂ, ਮੱਛਰਦਾਨੀ, ਗੱਦੇ ਅਤੇ ਪਾਣੀ ਦੇ ਫਿਲਟਰ ਵੀ ਸੁਰੱਖਿਅਤ ਢੰਗ ਨਾਲ ਸਟੋਰ ਕੀਤੇ ਹਨ। ਪ੍ਰਸ਼ਾਸਨ ਨੇ ਸਿਹਤ ਸੇਵਾਵਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਹੁਣ ਤੱਕ 8 ਮੈਡੀਕਲ ਕੈਂਪ ਲਗਾਏ ਗਏ ਹਨ, ਜਿਨ੍ਹਾਂ ਵਿੱਚ ਦਵਾਈਆਂ ਅਤੇ ਜ਼ਰੂਰੀ ਟੈਸਟ ਪ੍ਰਦਾਨ ਕੀਤੇ ਗਏ ਹਨ। ਮੋਬਾਈਲ ਮੈਡੀਕਲ ਟੀਮਾਂ ਪ੍ਰਭਾਵਿਤ ਪਿੰਡਾਂ ਵਿੱਚ ਜਾ ਰਹੀਆਂ ਹਨ ਅਤੇ ਦਵਾਈਆਂ, ਓਆਰਐਸ ਪੈਕੇਟ ਅਤੇ ਕਲੋਰੀਨ ਦੀਆਂ ਗੋਲੀਆਂ ਵੰਡ ਰਹੀਆਂ ਹਨ। ਨਾਲ ਹੀ, ਸਿਹਤ ਵਿਭਾਗ ਛੂਤ ਵਾਲੀਆਂ ਅਤੇ ਵੈਕਟਰ-ਜਨਿਤ ਬਿਮਾਰੀਆਂ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ 16 ਜ਼ਿਲ੍ਹਾ ਰੈਪਿਡ ਰਿਸਪਾਂਸ ਟੀਮਾਂ ਅਤੇ 24 ਮੋਬਾਈਲ ਟੀਮਾਂ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਲਈ ਅਲਰਟ 'ਤੇ ਹਨ।

# ਪੰਜਾਬ ਯੂਨੀਵਰਸਿਟੀ ਯੂਨਿਟ ਦੇ ਸਵਾਸਤਿਕ ਗੌਤਮ ਨੇ ਦੇਵੇਸ਼ ਮੌਦਗਿਲ ਨੂੰ ਸਕੱਤਰ ਬਣਨ 'ਤੇ ਵਧਾਈ ਦਿੱਤੀ



**ਚੰਡੀਗੜ੍ਹ (ਗੁਰਭਿੰਦਰ ਗੁਰੀ)** ਪੰਜਾਬ ਯੂਨੀਵਰਸਿਟੀ ਵਿਖੇ ਹੋਈ ਮੀਟਿੰਗ ਵਿੱਚ ਚੰਡੀਗੜ੍ਹ ਦੇ ਸਾਬਕਾ ਮੇਅਰ ਅਤੇ ਸੀਨੀਅਰ ਵਕੀਲ ਦੇਵੇਸ਼ ਮੌਦਗਿਲ ਨੇ ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਚੰਡੀਗੜ੍ਹ ਦੇ ਸੂਬਾ ਸਕੱਤਰ ਅਤੇ ਹੋਰ ਮੈਂਬਰਾਂ ਨੂੰ ਯੂਨਿਟ ਵਿੱਚ ਨਿਯੁਕਤ ਕੀਤੇ ਜਾਣ 'ਤੇ ਵਧਾਈ ਦਿੱਤੀ। ਗੌਰਵਵੀਰ ਸੋਹਲ, ਨਵਦੀਪ ਸਿੰਘ, ਵਿਸ਼ੇਸ਼ ਆਨੰਦ ਢਾਕਾ, ਸਾਗਰ ਖੱਤਰੀ, ਯੂ. ਆਈ. ਐੱਚ. ਟੀ. ਐੱਮ. ਟੂਰਿਜ਼ਮ ਵਿਭਾਗ ਦੇ ਡੀ. ਆਰ. ਉਮੀਦਵਾਰ 2025 ਪੰਜਾਬ ਯੂਨੀਵਰਸਿਟੀ ਦੇ ਸਵਾਸਤਿਕ ਗੌਤਮ ਨੇ ਕਿਹਾ ਕਿ ਇਹ ਉਮੀਦ ਕੀਤੀ ਜਾਂਦੀ ਹੈ ਕਿ ਦੇਵੇਸ਼ ਮੌਦਗਿਲ ਵੱਧ ਤੋਂ ਵੱਧ ਨੌਜਵਾਨਾਂ ਨੂੰ ਹਿੰਦੁਸਤਾਨ ਸਕਾਊਟਸ ਐਂਡ ਗਾਈਡਸ ਨਾਲ ਜੋੜ ਕੇ ਅਤੇ ਨੌਜਵਾਨਾਂ ਨੂੰ ਰਾਸ਼ਟਰੀ ਮੁੱਖ ਧਾਰਾ ਨਾਲ ਜੋੜ ਕੇ ਇਕ ਭਾਰਤ ਸ਼੍ਰੇਸ਼ਠ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਉਣਗੇ।

# ਡਿਪਟੀ ਸਪੀਕਰ ਰੌੜੀ ਵੱਲੋਂ ਗੜ੍ਹਸ਼ੰਕਰ ਹਲਕੇ ਵਿੱਚ ਜਿਮ ਅਤੇ ਖੇਡ ਗ੍ਰਾਊਂਡਾਂ ਲਈ ਗ੍ਰਾਂਟਾਂ ਜਾਰੀ

**ਹੁਸ਼ਿਆਰਪੁਰ/ਗੜ੍ਹਸ਼ੰਕਰ (ਬਲਵੀਰ ਚੌਂਪੜਾ)** ਪਿਛਲੇ ਕਈ ਦਿਨਾਂ ਤੋਂ ਹਲਕਾ ਗੜ੍ਹਸ਼ੰਕਰ ਯੂਥ ਦਫ਼ਤਰ ਵਿੱਚ ਹੋ ਰਹੀਆਂ ਮੀਟਿੰਗਾਂ ਵਿੱਚ ਵੱਖ-ਵੱਖ ਪਿੰਡਾਂ ਦੇ ਨੌਜਵਾਨਾਂ ਨੇ ਆਪਣੇ ਪਿੰਡਾਂ ਵਿੱਚ ਜਿਮ ਅਤੇ ਖੇਡ ਸਟੇਡੀਅਮ ਗ੍ਰਾਊਂਡ ਬਣਾਉਣ ਦੀ ਮੰਗ ਰੱਖੀ ਸੀ। ਇਨ੍ਹਾਂ ਮੀਟਿੰਗਾਂ ਦੀ ਅਗਵਾਈ ਹਲਕਾ ਗੜ੍ਹਸ਼ੰਕਰ ਦੇ ਯੂਥ ਕੋਆਰਡੀਨੇਟਰ ਪ੍ਰਿਸ਼ ਨੇ




ਕੀਤੀ। ਅੱਜ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਵਿੱਚ ਹੋਈ ਮਹੱਤਵਪੂਰਨ ਮੀਟਿੰਗ ਦੌਰਾਨ ਡਿਪਟੀ ਸਪੀਕਰ ਅਤੇ ਹਲਕਾ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਉਨ੍ਹਾਂ ਪਿੰਡਾਂ ਨੂੰ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਜਿਥੇ ਖੇਡ ਮੈਦਾਨਾਂ ਅਤੇ ਜਿਮ ਦੀ ਮੰਗ ਕੀਤੀ ਗਈ ਸੀ। ਗ੍ਰਾਂਟਾਂ ਦੀ ਰਕਮ 20 ਲੱਖ ਤੋਂ 40 ਲੱਖ ਰੁਪਏ ਤੱਕ ਦਿੱਤੀ ਗਈ ਹੈ, ਜੋ ਹਰ ਪਿੰਡ ਦੀ ਡਿਮਾਂਡ ਅਨੁਸਾਰ ਜਾਰੀ ਹੋਈ। ਇਨ੍ਹਾਂ ਕਿਹਾ ਥੋੜ੍ਹੇ ਹੀ ਦਿਨਾਂ ਵਿੱਚ ਇਨ੍ਹਾਂ ਖੇਡ ਮੈਦਾਨਾਂ ਅਤੇ ਜਿਮਾਂ ਦੇ ਉਦਘਾਟਨ ਕੀਤੇ ਜਾਣਗੇ। ਇਸ ਮੌਕੇ ਯੂਥ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ ਗਿਆ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਸਰਕਾਰ ਦੇ ਯਤਨਾਂ ਦੀ ਸ਼ਾਲ੍ਹਾ ਕੀਤੀ ਗਈ।

# ਨਿਰਮਲ ਸ਼ਖ਼ਸੀਅਤ ਦੇ ਮਾਲਕ ਹਨ ਪੰਜਾਬੀ ਲੇਖਕ ਅਤੇ ਕਵੀ ਸ਼੍ਰੀ ਮਹਿੰਦਰ ਸੂਦ ਵਿਰਕ ਜੀ

**ਲੁਧਿਆਣਾ (ਚਰਨਜੀਤ ਸੱਲ੍ਹਾਂ)** ਸਾਡੇ ਬਹੁਤ ਹੀ ਸਤਿਕਾਰ ਯੋਗ ਸ਼੍ਰੀ ਮਹਿੰਦਰ ਸੂਦ ਵਿਰਕ ਜੀ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੇ ਲੇਖਕ ਤੇ ਕਵੀ ਦਾ ਚੌਥਾ ਕਾਵਿ-ਸੰਗ੍ਰਹਿ "ਸੱਚੇ ਸੁੱਚੇ ਹਰਫ਼" ਵਿੱਚੋਂ ਹੀ ਵਿਰਕ ਜੀ ਦੀ ਨਿਰਮਲ ਸ਼ਖ਼ਸੀਅਤ ਦੀ ਝਲਕ ਉਹਨਾਂ ਦੇ ਹੱਸਦੇ ਚਿਹਰੇ ਵਿੱਚੋਂ ਆਪ ਮੁਹਾਰੇ ਪੈਂਦੀ ਹੈ। ਇਹਨਾਂ ਨੂੰ ਜਿੰਨ੍ਹਾਂ ਹੁਣ ਤੱਕ ਮੈਂ ਜਾਣ ਸਕੀ ਹਾਂ ,ਇਹ ਹਮੇਸ਼ਾ ਪ੍ਰਮਾਤਮਾ ਨੂੰ ਆਪਣੇ ਅੰਗ ਸੰਗ ਮੰਨਦੇ ਹੋਏ, ਮੈਂ- ਮੇਰੀ ਤੋਂ ਕੋਹਾਂ ਦੂਰ ਆਪਣੇ ਸੱਚੇ ਜਜ਼ਬਿਆਂ ਨੂੰ ਕਹਿਣੀ ਕਥਨੀ ਦੀ ਇੱਕ ਸੋਚ ਤੇ ਆਧਾਰਿਤ ,ਸੱਚ ਤੇ ਪਹਿਰਾ ਦਿੰਦੇ ਹੋਏ ਜ਼ਿਆਦਾਤਰ ਵਿਦਿਆਰਥੀਆਂ ਨੂੰ ਸੇਧ ਦੇਣ ਵਾਲੀਆਂ ਤੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਵਾਲੀਆਂ ਰਚਨਾਵਾਂ ਦੀ ਸਿਰਜਣਾ ਕਰਦੇ ਹਨ। ਸਮਾਜ ਅਤੇ ਪਰਿਵਾਰ ਵਿੱਚ ਰਹਿੰਦਿਆਂ ਹੋਇਆ ਵੀ ਕਵੀ ਦੀ ਇੱਕ ਆਪਣੀ ਵੱਖਰੀ ਦੁਨੀਆਂ ਹੁੰਦੀ ਹੈ। ਇੱਕ ਕਵੀ ਹਰ ਖੁਸ਼ੀ-ਗ਼ਮੀ ਨੂੰ ਬਹੁਤ ਨੇੜਿਓਂ ਮਹਿਸੂਸ ਕਰਦਾ ਹੋਇਆ ਆਪਣੀ ਸੰਵੇਦਨਸ਼ੀਲਤਾ ਨੂੰ ਇੱਕ ਕਵਿਤਾ ਦੇ ਰੂਪ ਵਿੱਚ ਪਾਠਕਾਂ ਦੇ ਰੂਪ ਸਨਮੁੱਖ ਕਰਦਾ ਹੈ। ਅਜਿਹੀ ਸੰਵੇਦਨਸ਼ੀਲਤਾ ਸੂਦ ਜੀ ਵਿੱਚੋਂ ਸਹਿਜੇ ਹੀ ਦੇਖੀ ਜਾ ਸਕਦੀ ਹੈ। ਇਹ ਸਮੇਂ ਦੀ ਨਬਜ਼ ਨੂੰ ਪਛਾਣਦੇ ਹੋਏ ਹਮੇਸ਼ਾ ਸਾਰਥਕ ਅਤੇ ਚੜ੍ਹਦੀ ਕਲਾ ਵਿੱਚ ਰਹਿਣ ਦੀ ਸੇਧ ਆਪਣੀ ਕਲਮ ਰਾਹੀਂ ਕਰਦੇ ਹਨ।



ਇਹਨਾਂ ਦੇ ਮੁਖਾਰਬਿੰਦ ਤੋਂ ਨਿਕਲਿਆ ਹੋਇਆ ਇੱਕ-ਇੱਕ ਸੱਚਾ ਬੋਲ ਇਹਨਾਂ ਦੇ ਕਾਵਿ-ਸੰਗ੍ਰਹਿ "ਸੱਚੇ ਸੁੱਚੇ ਹਰਫ਼" ਨੂੰ ਚੰਨ ਦੀ ਚਾਨਣੀ ਵਾਂਗ ਅਤੇ ਸੂਰਜ ਦੇ ਤੇਜ ਵਾਂਗ ਚਮਕਾਉਂਦਾ ਹੈ। ਭਾਵ ਕਿ ਆਮ ਜਨਤਾ ਨੂੰ ਚੰਨ ਵਾਂਗ ਕਲੇਜੇ ਵਿੱਚ ਠੰਡ ਅਤੇ ਸਮਾਜਿਕ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਸੂਰਜ ਦੇ ਤੇਜ ਵਾਂਗ ਇੱਕ ਸੇਧ ਦਾ ਕੰਮ ਕਰਦਾ ਹੈ। ਸ਼੍ਰੀ ਸੂਦ ਜੀ ਦੇ ਕਾਵਿ-ਸੰਗ੍ਰਹਿ ਵਿਚਲੀਆਂ ਰਚਨਾਵਾਂ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਉਹ ਵੀ ਪ੍ਰਸਿੱਧ ਕਵੀ ਭਾਈ ਵੀਰ ਸਿੰਘ ਜੀ ਵਾਂਗ ਕੁਦਰਤ ਪ੍ਰੇਮੀ ਹਨ, ਜਿਸ ਵਿੱਚ ਉਨ੍ਹਾਂ ਨੇ ਕੁਦਰਤੀ ਨਜ਼ਾਰਿਆਂ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਜਿੱਥੇ ਕਵੀ ਆਪਣੀ ਸਿਰਜਣਾ ਰਾਹੀਂ ਮੁਰਦਿਆਂ ਵਿੱਚ ਜਾਨ ਪਾਉਣ ਦੀ ਤਾਕਤ ਰੱਖਦਾ ਹੈ ਉੱਥੇ ਉਹ ਲੋਕ ਭਲਾਈ ਦੇ ਕੰਮਾਂ ਵਿੱਚ ਹਮੇਸ਼ਾ ਤਤਪਰ ਰਹਿੰਦੇ ਹੋਏ ਇਹ ਬੜੀ ਛੋਟੀ ਉਮਰ ਤੋਂ ਹੀ "ਖ਼ੂਨ ਦਾਨ ਸਭ ਤੋਂ ਵੱਡਾ ਦਾਨ" ਦੀ ਸੇਵਾ ਕਰਕੇ ਪੁੰਨ ਕਮਾ ਰਹੇ ਹਨ। ਸੋ ਅਖ਼ੀਰ ਵਿੱਚ ਮੈਂ ਇਹੀ ਕਹਿਣਾ ਚਾਹਾਂਗੀ ਕਿ ਸ਼੍ਰੀ ਮਹਿੰਦਰ ਸੂਦ ਵਿਰਕ ਜੀ ਆਪਣੀਆਂ ਲਿਖ਼ਤਾਂ ਰਾਹੀਂ ਸਾਰੇ ਸਮਾਜ ਦਾ ਚਾਨਣ-ਮੁਨਾਰਾ ਬਣਦੇ ਰਹਿਣ। ਸ਼ੁੱਭ-ਇੱਛਾਵਾਂ ਸਮੇਤ- ਜਸਵੀਰ ਕੌਰ ਜੱਸੀ ਮਾਨਗੜ੍ਹ (ਪੰਜਾਬੀ ਮਿਸਟ੍ਰੈਸ, ਸ. ਸ. ਸ. ਸਕੂਲ, ਲੱਖੋ-ਗੱਦੋਵਾਲ, ਲੁਧਿਆਣਾ )

# ਬੀਐਸਐਨਐਲ ਪੈਨਸ਼ਨਰਜ਼ ਵੱਲੋਂ ਆਜ਼ਾਦੀ ਦੀ 78ਵੀਂ ਵਰ੍ਹੇ ਗੰਢ ਨੂੰ ਸਮਰਪਿਤ ਵਿਚਾਰ ਗੋਸ਼ਟੀ

## ਸੁਰਿੰਦਰ ਪਾਲ ਨੇ ਤਰਕਸ਼ੀਲ ਸੋਚ ਅਪਨਾਉਣ ਦਾ ਸੁਨੇਹਾ ਦਿੱਤਾ



**ਸੰਗਰੂਰ।** ਬੀਐਸਐਨਐਲ ਪੈਨਸ਼ਨਰ ਐਸੋਸੀਏਸ਼ਨ ਸੰਗਰੂਰ ਵੱਲੋਂ ਅੱਜ ਆਜ਼ਾਦੀ ਦੀ 78ਵੀਂ ਵਰ੍ਹੇ ਗੰਢ ਨੂੰ ਸਮਰਪਿਤ ਵਿਚਾਰ ਗੋਸ਼ਟੀ ਦਾ ਆਯੋਜਨ ਸਥਾਨਕ ਸ਼੍ਰੀ ਨੈਣਾਂ ਦੇਵੀ ਮੰਦਿਰ ਧਰਮ ਸ਼ਾਲਾ ਵਿਖੇ ਕੀਤਾ ਗਿਆ। ਸ਼ੁਰੂਆਤ ਅਗਸਤ 1947 ਵਿੱਚ ਦੇਸ਼ ਦੀ ਵੰਡ ਵੇਲੇ ਮਾਰੇ ਗਏ ਬੇਦੋਸ਼ੇ ਲੋਕਾਂ ਅਤੇ ਉੱਘੇ ਕਮੇਡੀ ਕਲਾਕਾਰ ਸ਼੍ਰੀ ਜਸਵਿੰਦਰ ਭੱਲਾ ਦੀ ਯਾਦ ਵਿੱਚ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਕੀਤੀ ।ਸ਼੍ਰੀ ਮੁੱਖਤਿਆਰ ਸਿੰਘ ਰਾਓ ਨੇ ਆਪਣੇ ਭਾਸ਼ਣ ਵਿੱਚ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਸਕਾਰਾਤਮਕ ਸੋਚ ਦੀ ਮਹਤੱਤਾ ਬਾਰੇ ਬਹੁਤ ਹੀ ਸੁੰਦਰ ਸ਼ਬਦਾਂ ਵਿੱਚ ਵਿਆਖਿਆ ਕੀਤੀ।ਸ਼੍ਰੀ ਹਰਬੰਸ ਸਿੰਘ ਸ਼ੇਰਪੁਰ ਨੇ ਰਾਜਨੀਤਕ ਅਤੇ ਸਮਾਜਕ ਨਿਘਾਰ ਲਈ ਸੋਸ਼ਲ ਮੀਡੀਆ ਦੀ ਭੂਮਿਕਾ ਦਾ ਜਿਕਰ ਕੀਤਾ ਅਤੇ ਪੈਨਸ਼ਨਰਾਂ ਨੂੰ ਬੀਐਸਐਨਐਲ ਵੱਲੋਂ ਦਿੱਤੀ ਜਾਂਦੀ ਸਿਹਤ ਸਹੂਲਤ ਵਿਚਲੀਆਂ ਖਾਮੀਆਂ ਦਾ ਜਿਕਰ ਕੀਤਾ।

ਸ਼੍ਰੀ ਸਾਧਾ ਸਿੰਘ ਵਿਰਕ ਵੱਲੋਂ 15 ਅਗਸਤ 1947 ਨੂੰ ਮਿਲੀ ਆਜ਼ਾਦੀ ਨੂੰ "ਸੱਤਾ-ਪਰਿਵਰਤਨ" ਅਤੇ "ਉਜਾੜੇ" ਦਾ ਨਾਮ ਦਿੱਤਾ ਅਤੇ ਉਸ ਸਮੇਂ ਦੀ ਲੀਡਰਸ਼ਿਪ ਦੀ ਸਖ਼ਤ ਸ਼ਬਦਾਂ ਨਾਲ ਨਿਖੇਧੀ ਕੀਤੀ ਜਿਸਨੇ ਕੁਰਸੀ ਦੀ ਜ਼ਲਦਬਾਜ਼ੀ ਵਿੱਚ ਬੇਵੱਸ ਜਨਤਾ ਨੂੰ ਆਪਣੇ ਰਹਿਮੋ ਕਰਮ ਤੇ ਛੱਡ ਦਿੱਤਾ ਜਿਸਦੇ ਨਤੀਜੇ ਵਜੋਂ ਲੱਖਾਂ ਬੇਦੋਸ਼ੇ ਪਰਿਵਾਰਾਂ ਨੂੰ ਜਾਨ ਅਤੇ ਮਾਲ ਤੋਂ ਹੱਥ ਧੋਣੇ ਪਏ।ਉਨ੍ਹਾਂ ਨੇ ਸੀ ਜੀ ਐਚ ਐਸ ਰਾਹੀਂ ਪੈਨਸ਼ਨਰਜ ਨੂੰ ਕੈਸ਼ ਲੈਸ ਇਲਾਜ ਲੈਣ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਵੱਧ ਤੋਂ ਵੱਧ ਸਾਥੀਆਂ ਨੂੰ ਇਸਦੇ ਕਾਰਡ ਬਣਵਾਉਣ ਲਈ ਪ੍ਰੇਰਿਤ ਕੀਤਾ। ਸੰਗਰੂਰ ਟੀਮ ਵੱਲੋਂ ਪੈਨਸ਼ਨਰਾਂ ਲਈ ਬਣਾਏ ਗਏ ਵਟਸਐੱਪ ਗਰੁੱਪ ਵਿੱਚ ਬੇਲੋੜੀਆਂ ਪੋਸਟਾਂ ਪਾਉਣ ਤੋਂ ਗ਼ੁਰੇਜ਼ ਕਰਨ ਲਈ ਬੇਨਤੀ ਕੀਤੀ ਗਈ ।ਉਨ੍ਹਾਂ ਵਲੋਂ ਸ਼੍ਰੀ ਗੁਰਦਿਆਲ ਸਿੰਘ ਸੈਨੀ ਦਾ ਬਿਮਾਰੀ ਦੌਰਾਨ ਵੀ ਯੂਨੀਅਨ ਪ੍ਰਤੀ ਕੀਤੇ ਜਾ ਰਹੇ ਕਾਰਜਾਂ ਕਰਕੇ, ਸ਼੍ਰੀ ਨਵਨੀਤ ਕੁਮਾਰ ਬਰਨਾ਼ਲਾ ਦਾ ਪੈਨਸ਼ਨਰਾਂ ਲਈ ਵੱਖ ਵੱਖ ਸੇਵਾਵਾਂ ਕਰਕੇ , ਸ਼੍ਰੀ ਸੁਖਦੇਵ ਸਿੰਘ , ਸ਼੍ਰੀ ਬਲਦੇਵ ਸਿੰਘ ਸੰਗਰੂਰ ਅਤੇ ਸ਼੍ਰੀ ਪ੍ਰੇਮ ਕੁਮਾਰ ਅਹਿਮਦਗੜ ਦਾ ਪ੍ਰਬੰਧਾਂ ਵਿੱਚ ਵਿਸ਼ੇਸ਼ ਸੇਵਾਵਾਂ ਦੇਣ ਕਰਕੇ ਉਚੇਚੇ ਤੌਰ ਤੇ ਤਰੀਫ਼ ਕੀਤੀ। ਸ਼੍ਰੀ ਅਸ਼ਵਨੀ ਕੁਮਾਰ ਵਲੋਂ ਇਸ ਮਹੀਨੇ ਪੈਨਸ਼ਨਰਾਂ ਦੇ ਕਲਿਆਣ ਲਈ ਕੀਤੇ ਗਏ ਕਾਰਜਾਂ ਦੇ ਵੇਰਵੇ ਸਾਂਝੇ ਕੀਤੇ। ਉਨ੍ਹਾਂ ਵੱਲੋਂ ਚੰਡੀਗੜ ਵਿਖੇ ਸੀਨੀਅਰ ਸਿਟੀਜਨ ਸਮਾ਼ਗਮ ਬਾਰੇ ਜਾਣਕਾਰੀ ਸਾਂਝੀ ਕੀਤੀ ।ਸ਼੍ਰੀ ਸੁਰਿੰਦਰ ਪਾਲ ਨੇ ਨਿੱਗਰ ਸਮਾਜ ਦੀ ਉਸਾਰੀ ਵਾਸਤੇ ਵਿਅਕਤੀਗਤ ਜੀਵਨ ਵਿੱਚ ਵਿਗਿਆਨਕ ਅਤੇ ਤਰਕਸ਼ੀਲ ਨਜਰੀਆ ਅਪਣਾਉਣ ਦਾ ਸੱਦਾ ਦਿੱਤਾ।ਸ਼੍ਰੀ ਰਘਬੀਰ ਸਿੰਘ ਛਾਜਲੀ ਨੇ ਹੱਕਾਂ ਦੀ ਪੂਰਤੀ ਲਈ ਆਪਸੀ ਏਕੇ ਦੀ ਮਹੱਤਤਾ ਬਾਰੇ ਜ਼ੋਰ ਦਿੱਤਾ ਅਤੇ ਸੰਗਰੂਰ ਟੀਮ ਵੱਲੋਂ ਪੈਨਸ਼ਨਰਾਂ ਪ੍ਰਤੀ ਕੀਤੇ ਜਾ ਰਹੇ ਕਾਰਜਾਂ ਦੀ ਸਰਾਹਣਾ ਕੀਤੀ।ਮੰਚ ਸੰਚਾਲਕ ਸ਼ਿਵ ਨਰਾਇਣ ਨੇ ਅਵਾਰਾ ਪਸ਼ੂਆਂ ਅਤੇ ਕੁੱਤਿਆਂ ਵੱਲੋਂ ਰੋਜ਼ਾਨਾ ਕੀਤੇ ਜਾ ਰਹੇ ਨੁਕਸਾਨ ਲਈ ਸਰਕਾਰਾਂ ਦੀ ਨਾਕਾਮੀ ਲਈ ਆਲੋਚਨਾ ਕੀਤੀ। ਉੱਤਰੀ ਭਾਰਤ ਵਿੱਚ ਭ੍ਰਿਸ਼ਟ ਨਿਜ਼ਾਮ ਬਦੌਲਤ ਹੜ੍ਹਾਂ ਦੇ ਕਹਿਰ ਕਾਰਨ ਹੋਏ ਜਾਨੀ ਅਤੇ ਮਾਲੀ ਨੁਕਸਾਨ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਦਲਬੀਰ ਸਿੰਘ ਖਾਲਸਾ ਨੇ ਸੰਗਰੂਰ ਟੀਮ ਵੱਲੋਂ ਕੀਤੇ ਜਾ ਰਹੇ ਅਣਥੱਕ ਕਾਰਜਾਂ ਦੀ ਸ਼ਲਾਘਾ ਕੀਤੀ ।ਸ਼ਾਮ ਸੁੰਦਰ ਕਕੜ ਨੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ ਵਿੱਚ ਲੱਗੇ ਬਲੱਡ ਡੋਨੇਸ਼ਨ ਕੈਂਪ ਵਿੱਚ ਅਸ਼ਵਨੀ ਕੁਮਾਰ ਅਤੇ ਸੁਰਿੰਦਰ ਪਾਲ ਵਲੋਂ ਦਿੱਤੇ ਗਏ ਖ਼ੂਨਦਾਨ ਲਈ ਉਨ੍ਹਾਂ ਦੀ ਸਰਾਹਨਾ ਕੀਤੀ।ਵੀ ਕੇ ਮਿੱਤਲ ਵੱਲੋਂ ਆਪਣੇ ਦਿਲਕਸ਼ ਅੰਦਾਜ਼ ਵਿੱਚ "ਇੱਕ ਪਹੇਲੀ" ਮੁਕਾਬਲਾ ਕਰਵਾਇਆ ਗਿਆ।ਕੇਵਲ ਸਿੰਘ ਮਲੇਰਕੋਟਲਾ ਨੇ ਆਪਣੀ ਬੁਲੰਦ ਅਵਾਜ ਵਿੱਚ ਇੱਕ ਗੀਤ ਸੁਣਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।ਇਸ ਮਹੀਨੇ ਜਨਮ ਦਿਨ ਅਤੇ ਹੋਰ ਪ੍ਰੀਵਾਰਿਕ ਖੁਸ਼ੀਆਂ ਵਾਲੇ ਸਾਥੀਆਂ ਨੂੰ ਹਾਰ ਪਹਿਨਾ ਕੇ ਤੇ ਰਿਫਰੈਸ਼ਮੈਂਟ ਦੇ ਕੇ ਸਨਮਾਨਿਤ ਕੀਤਾ ਗਿਆ ।ਅੰਤ ਵਿੱਚ ਸ਼੍ਰੀ ਗੁਰਮੇਲ ਸਿੰਘ ਭੱਟੀ ਵੱਲੋਂ ਦੂਰ ਦੁਰਾਡੇ ਤੋਂ ਆਏ ਸਾਥੀਆਂ ਦਾ ਧੰਨਵਾਦ ਕੀਤਾ।

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**9417422349**

# ਇੰਗਲੈਂਡ ਦੀਆਂ ਪੰਜਾਬਣਾਂ ਨੇ ਵਿਸਰ ਚੁੱਕਾ ਤੀਆਂ ਬੱਲੋ ਦਾ ਤਿਉਹਾਰ ਮਨਾਕੇ ਤੀਆਂ ਨੂੰ ਕੀਤਾ ਵਿਦਾ





**ਤੀਆਂ ਬੱਲੋ ਦਾ ਤਿਉਹਾਰ ਮਨਾਉਣ ਮੌਕੇ ਪੰਜਾਬਣ ਮੁਟਿਆਰਾ।ਤਸਵੀਰਾਂ:- ਸੁਖਜਿੰਦਰ ਸਿੰਘ ਢੱਡੇ**

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)**-ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਸਪਿਨ ਹਿਲ ਪਾਰਕ ਦੇ ਵਿੱਚ ਪੰਜਾਬ ਗਰੁੱਪ ਦੀਆਂ ਪੰਜਾਬਣ ਮੁਟਿਆਰਾਂ ਗੁਰਦੀਪ ਕੌਰ ਅਤੇ ਉਨਾਂ ਦੀਆਂ ਸਾਥਣਾਂ ਵੱਲੋਂ ਸਾਂਝੇ ਤੌਰ ਤੇ ਤੀਆਂ ਬੱਲੋ ਦਾ ਤਿਉਹਾਰ ਬੜੇ ਵੱਡੇ ਪੱਧਰ ਤੇ ਮਨਾਇਆ ਗਿਆ। ਇਸ ਮੌਕੇ ਤੇ ਲੈਸਟਰ ਤੇ ਹੋਰਨਾ ਸ਼ਹਿਰਾਂ ਤੋਂ ਪੁੱਜੀਆਂ ਪੰਜਾਬਣਾਂ ਵੱਲੋਂ ਨੱਚ ਗਾ ਕੇ ਅਤੇ ਪੰਜਾਬੀ ਬੋਲੀਆਂ ਪਾ ਕੇ ਖੂਬ ਮਨੋਰੰਜਨ ਕੀਤਾ ਗਿਆ। ਤੀਆਂ ਬੱਲੋ ਸਬੰਧੀ ਯਾਦਗਾਰੀ ਦਿੰਦਿਆਂ ਗੁਰਦੀਪ ਕੌਰ ਨੇ ਦੱਸਿਆ ਕਿ ਤੀਆਂ ਬੱਲੋਂ ਦਾ ਤਿਉਹਾਰ ਤੀਆਂ ਨੂੰ ਵਿਦਿਆ ਕਰਨ ਮੌਕੇ ਮਨਾਇਆ ਜਾਂਦਾ ਹੈ। ਉਹਨਾਂ ਦੱਸਿਆ ਕਿ ਪੁਰ-ਾਤਨ ਵਿਰਸੇ ਨਾਲ ਜੋੜਿਆ ਇਹ ਤੀਆਂ ਬੱਲੋਂ ਦਾ ਤਿਉਹਾਰ ਹੁਣ ਪੰਜਾਬ ਸਮੇਤ ਵਿਦੇਸ਼ਾਂ ਚੋ ਵੀ ਅਲੋਪ ਹੁੰਦਾ ਜਾ ਰਿਹਾ ਹੈ, ਪਰ ਪੰਜਾਬ ਗਰੁੱਪ ਦੀਆਂ ਮੁਟਿਆਰਾਂ ਵੱਲੋਂ ਇਹ ਸਲਾਘਾਯੋਗ ਉਪਰਾਲਾ ਕਰਕੇ ਵਿਦੇਸ਼ਾਂ ਚ ਵਸਦੇ ਆਪਣੇ ਬੱਚਿਆਂ ਨੂੰ ਮੁੜ ਆਪਣੇ ਪੰਜਾਬੀ ਵਿਰਸੇ ਨਾਲ ਜੋੜਨ ਲਈ ਤੀਆਂ ਬੱਲੋਂ ਦਾ ਤਿਉਹਾਰ ਮਨਾਇਆ ਗਿਆ,ਤਾਂ ਜੋ ਇਥੋਂ ਦੇ ਜੰਮਪਲ ਬੱਚਿਆਂ ਨੂੰ ਆਪਣੇ ਪੁਰਾਤਨ ਗੌਰਵਮਈ ਵਿਰਸੇ ਤੋਂ ਜਾਣੂ ਕਰਵਾਇਆ ਜਾ ਸਕੇ ।ਇਸ ਮੌਕੇ ਤੇ ਵੱਡੀ ਗਿਣਤੀ ਚ ਪੁੱਜੀਆਂ ਪੰਜਾਬਣ ਮੁਟਿਆਰਾਂ ਨੂੰ ਸੰਧਾਰਾ ਵੀ ਵੰਡਿਆ ਗਿਆ। ਵਰਦੇ ਮੀਂਹ ਦੇ ਬਾਵਜੂਦ ਵੀ ਪੰਜਾਬਣ ਮੁਟਿਆਰਾਂ ਵੱਧ ਚੜ ਕੇ ਇਸ ਤੀਆਂ ਬੱਲੋ ਦੇ ਤਿਉਹਾਰ ਵਿੱਚ ਸ਼ਾਮਿਲ ਹੋਈਆਂ ਪੰਜਾਬਣ ਮੁਟਿਆਰਾ ਵੱਲੋਂ ਆਪਣੇ ਘਰਾਂ ਤੋਂ ਬਣਾ ਕੇ ਲਿਆਂਦਾ ਗਿਆ ਵੱਖ ਵਖ ਪ੍ਰਕਾਰ ਦਾ ਭੋਜਨ ਵੀ ਪੰਜਾਬਣਾ ਚੋਂ ਵੰਡਿਆ ਗਿਆ।

## ਬੁੱਧ ਬਾਣ : ਧਾੜਵੀ ਪੁਜੇ ਦਿੱਲੀ!



ਜਦੋਂ ਦਿੱਲੀ ਵਿੱਚ ਭਾਜਪਾ ਦੀ ਸੁਨਾਮੀ ਆਈ ਤਾਂ ਇਹ ਦੋਵੇਂ ਆਪਣੇ ਸਾਥੀਆਂ ਸਮੇਤ ਪੰਜਾਬ ਵਿੱਚ ਰੁੜ ਕੇ ਆ ਗਏ। ਇਹਨਾਂ ਨੇ ਪੰਜਾਬ ਨੂੰ ਸਿਉਂਕ ਵਾਂਗ ਚੱਟਿਆ। ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਅਮਲੀ ਵਾਂਗੂੰ ਘਰਦੇ ਭਾਂਡੇ ਵੇਚਣ ਤੋਂ ਬਾਅਦ ਹੁਣ ਪੰਜਾਬ ਦੀਆਂ ਸ਼ਾਮਲਾਟਾਂ ਨੂੰ ਵੇਚਣ ਲਈ ਪੱਬਾਂ ਭਾਰ ਹੋਇਆ ਫਿਰਦੈ ਹੈ। ਉਸਨੂੰ ਸੁਖਬੀਰ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਦੇ ਸੁਪਨੇ ਆਉਂਦੇ ਹਨ। ਉਹ ਮੀਡੀਆ ਸਾਹਮਣੇ ਪੀਟੀਸੀ ਪੀਟੀਸੀ ਕਰੀ ਜਾਂਦਾ ਹੈ।

ਹੁਣ ਜਦੋਂ ਪੰਜਾਬ ਕੁਦਰਤੀ ਤੇ ਸਰਕਾਰੀ ਹੜ੍ਹਾਂ ਦੀ ਮਾਰ ਹੇਠ ਆਇਆ ਹੋਇਆ ਹੈ। ਪੰਜਾਬ ਦਾ ਚੱਪਾ ਚੱਪਾ ਪਾਣੀਆਂ ਹੇਠ ਹੈ। ਉਧਰ ਡੈਮਾਂ ਦਾ ਪਾਣੀ ਛੱਡਿਆ ਜਾ ਰਿਹਾ ਹੈ,ਇਧਰ ਬਰਸਾਤ ਨਹੀਂ ਰੁਕਦੀ। ਇਹ ਦਿੱਲੀ ਦੇ ਧਾੜਵੀ ਗਧੇ ਦੇ ਸਿੰਗਾਂ ਵਾਂਗੂੰ ਗ਼ਾਇਬ ਹੋ ਗਏ ਹਨ। ਹੁਣੇ ਹੁਣੇ ਪਤਾ ਲੱਗਾ ਇਹ ਧਾੜਵੀ ਹੜ੍ਹ ਦੇ ਪਾਣੀ ਨਾਲ ਦਿੱਲੀ ਪੁਜ ਗਏ ਹਨ ਪਰ ਅਜੇ ਇਹ ਲਾਪਤਾ ਹਨ। ਭਗਵੰਤ ਮਾਨ ਦਾ ਹੈਲੀਕਾਪਟਰ ਪੰਜਾਬ ਵਿੱਚ ਵੇਖਦਾ ਫਿਰਦਾ ਹੈ ਤੇ ਕਿਤੇ ਉਹ ਭੁਜੀਏ ਤੇ ਪਕੌੜੀਆਂ ਦੇ ਪੈਕੇਟ ਸੁੱਟ ਰਿਹਾ ਹੈ।

ਜੇ ਕਿਸੇ ਨੂੰ ਇਹ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚੋਂ ਮਿ਼ਲਣ ਤਾਂ ਜ਼ਰੂਰ ਦੱਸਿਓ।

ਇਹ ਧਾੜਵੀ ਆਪਣੇ ਸਾਥੀਆਂ ਸਮੇਤ ਲਾਪਤਾ ਹਨ।

**ਬੁੱਧ ਸਿੰਘ ਨੀਲੋਂ**

# ਸੰਤ ਕ੍ਰਿਸ਼ਨ ਨਾਥ ਚਹੇੜੂ ਵਾਲੇ ਪਿੰਡ ਧੁਲੇਤਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਜੀ ਦੀ ਚਾਰਦੀਵਾਰੀ ਢਹਿ ਢੇਰੀ ਕਰ ਦਿੱਤੀ ਗਈ ਸੀ ਉਸ ਨੂੰ ਦੇਖਣ ਵਾਸਤੇ ਆਏ







**ਫਿਲੌਰ (ਚਰਨਜੀਤ ਸੱਲ੍ਹਾਂ )** ਅੱਜ ਸੰਤ ਕ੍ਰਿਸ਼ਨ ਨਾਥ ਜੀ ਚਹੇੜੂ ਵਾਲਿਆਂ ਨੇ ਆਪਣੇ ਚਰਨ ਪਿੰਡ ਧੁਲੇਤਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਜੀ ਦੀ ਚਾਰਦੀਵਾਰੀ ਨੂੰ ਢਹਿ ਢੇਰੀ ਕਰ ਦਿੱਤਾ ਸੀ ਉਸ ਨੂੰ ਦੇਖਣ ਵਾਸਤੇ ਆਪ ਪਧਾਰੇ ਸਨ ਉਨ੍ਹਾਂ ਨੇ ਸੰਗਤਾਂ ਨੂੰ ਦਿਲਾਸਾ ਦਿੰਦੇ ਹੋਏ ਕਿਹਾ ਕਿ ਕੋਈ ਗੱਲ ਨਹੀਂ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਸੰਘਰਸ਼ ਕਰਕੇ ਤੁਸੀਂ ਕੋਠੀਆਂ ਕਾਰਾਂ ਵਾਲੇ ਹੋ ਗਏ ਹਨ ਕੁਝ ਲੋਕ ਸਮਝ ਗਏ ਹਨ ਹਾਲੇ ਕਈਆ ਨੂੰ ਸਮਝ ਨਹੀਂ ਆਈ ਪਰ ਤੁਹਾਡੀ ਆਵਾਜ਼ ਪੂਰੇ ਸੰਸਾਰ ਵਿੱਚ ਬਸਪਾ ਨੇ ਪਹੁੰਚਾ ਦਿੱਤੀ ਹੈ ਕੱਲ੍ਹ ਪੂਰੇ ਪੰਜਾਬ ਵਿੱਚ ਪਿੰਡ ਧੁਲੇਤਾ ਦੀ ਗੱਲ ਅਫਸਰਾਂ ਤੱਕ ਵੀ ਪਹੁੰਚ ਗਈ ਹੈ ਬਾਕੀ ਤੁਹਾਨੂੰ ਪ੍ਰਸ਼ਾਸਨ ਨੇ ਸੋਮਵਾਰ ਦਾ ਸਮਾਂ ਦਿੱਤਾ ਹੈ ਦੇਖੋ ਪ੍ਰਸ਼ਾਸਨ ਕੀ ਕਰਦਾ ਹੈ ਜਿਹੜੇ ਜਿਹੜੇ ਸੰਤ ਮਹਾਂਪੁਰਸ਼ਾਂ ਇਥੇ ਆਏ ਹਨ ਉਨ੍ਹਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਜਿਹੜੇ ਨਹੀਂ ਆਏ ਉਨ੍ਹਾਂ ਦਾ ਵੀ ਧੰਨਵਾਦ। ਇਸ ਮੌਕੇ ਉਨ੍ਹਾਂ ਦੇ ਨਾਲ ਖ਼ੁਸ਼ੀ ਰਾਮ ਸਰਪੰਚ, ਕੰਵਲਜੀਤ ਸਾਬਕਾ ਸਰਪੰਚ ਖੋਥੜਾ ਅਤੇ ਵੱਡੀ ਗਿਣਤੀ ਵਿੱਚ ਬੀਬੀਆਂ ਭੈਣਾਂ ਬਜ਼ੁਰਗ ਨੌਜਵਾਨ ਸਾਥੀ ਹਾਜ਼ਰ ਸਨ। ਉਨ੍ਹਾਂ ਨੇ ਜੈਕਾਰੇ ਲਾ ਕੇ ਸੰਗਤਾਂ ਦਾ ਮੰਨ ਮੋਹ ਲਿਆ।

ਸਮਾਜ ਵੀਕਲੀ ਨਿਊਜ਼

# ਸੂਬੇ ਅੰਦਰ ਗੁਣਾਤਮਿਕ ਸਿੱਖਿਆ ਨੂੰ ਪਹਿਲ ਦੇਣਾ ਸੂਬਾ ਸਰਕਾਰ ਦਾ ਮੁੱਖ ਉਦੇਸ਼ - ਹਰਪਾਲ ਸਿੰਘ ਚੀਮਾ

**● ਸ੍ਰੀ ਚਰਨ ਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਕਰਵਾਏ ਸਮਾਗਮ 'ਚ ਕੀਤੀ ਸ਼ਿਰਕਤ ● ਮਹਾਨ ਦਾਨੀ ਲਾਲਾ ਮਹਿੰਦਰ ਰਾਮ ਚੁੰਬਰ ਯਾਦਗਾਰੀ ਲਾਇਬ੍ਰੇਰੀ ਦਾ ਕੀਤਾ ਉਦਘਾਟਨ**

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**
ਸੂਬੇ ਅੰਦਰ ਗੁਣਾਤਮਿਕ ਸਿੱਖਿਆ ਨੂੰ ਪਹਿਲ ਦੇਣਾ ਸੂਬਾ ਸਰਕਾਰ ਦਾ ਮੁੱਖ ਉਦੇਸ਼ ਹੈ, ਜਿਸ ਦੀ ਬਦੌਲਤ ਸੂਬੇ ਅੰਦਰ ਖੋਲ੍ਹੇ ਸਕੂਲ ਆਫ ਐਮੀਨੈਂਸ ਸਕੂਲਾਂ ਵਿਚੋਂ 44 ਬੱਚੇ ਜੇ.ਈ.ਦੀ ਪ੍ਰੀਖਿਆ ਪਾਸ ਕਰਨ ਵਿਚ ਸਫਲ ਹੋਏ ਹਨ। ਇਹ ਪ੍ਰਗਟਾਵਾ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਸ੍ਰੀ ਚਰਨ ਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਬਾਨੀ ਬਾਬਾ ਬੰਤਾ ਰਾਮ ਘੇੜਾ ਅਤੇ ਬਾਬਾ ਸੁਮਨ ਦਾਸ ਜੀ ਦੇ ਜਨਮ ਦਿਹਾੜੇ 'ਤੇ ਕਰਵਾਏ ਸਮਾਗਮ ਮੌਕੇ ਪ੍ਰਗਟ ਕੀਤੇ। ਉਨ੍ਹਾਂ ਸੰਗਤਾਂ ਨੂੰ ਸਮਾਗਮ ਦੀਆਂ ਵਧਾਈਆ ਦਿੰਦਿਆਂ ਸਮੁੱਚੀ ਪ੍ਰਬੰਧਕ ਕਮੇਟੀ ਦੀ ਇਨ੍ਹਾਂ ਉਪਰਾਲਿਆ ਲਈ ਪ੍ਰਸੰਸਾ ਵੀ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ





ਵੱਲੋਂ ਸੂਬੇ ਦੇ 5 ਹਜ਼ਾਰ ਅਨੁਸੂਚਿਤ ਜਾਤੀ ਪਰਿਵਾਰਾਂ ਦੇ ਐਸ.ਸੀ.ਕਾਰਪੋਰੇਸ਼ਨ ਦੇ ਕਰਜ਼ੇ ਮੁਆਫ਼ ਕਰਕੇ ਇਨ੍ਹਾਂ ਦਲਿਤ ਪਰਿਵਾਰਾ ਨੂੰ ਵੱਡੀ ਰਾਹਤ ਪ੍ਰਦਾਨ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਗੁਰੂ ਘਰ ਵਿਖੇ ਹਰੇਕ ਸਮੱਸਿਆ ਦਾ ਹੱਲ ਪਹਿਲ ਦੇ ਆਧਾਰ 'ਤੇ ਕਰੇਗੀ, ਤਾਂ ਜੋ ਦੇਸ਼-ਵਿਦੇਸ਼ ਤੋਂ ਗੁਰੂ ਦਰਸ਼ਨਾਂ ਲਈ ਪਹੁੰਚ ਰਹੀਆਂ ਸੰਗਤਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਮੌਕੇ ਕੈਬਨਿਟ ਮੰਤਰੀ ਨੇ ਮਹਾਨ ਦਾਨੀ ਲਾਲਾ ਮਹਿੰਦਰ ਰਾਮ ਚੁੰਬਰ, ਵਾਸੀ ਮੀਰਪੁਰ ਜੱਟਾਂ ਯਾਦਗਾਰੀ ਲਾਇਬ੍ਰੇਰੀ ਦਾ ਉਦਘਾਟਨ ਵੀ ਕੀਤਾ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਅਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਪ੍ਰਧਾਨ ਆਪ ਐਸ.ਸੀ ਵਿੰਗ ਪੰਜਾਬ ਨੇ ਕਿਹਾ ਕਿ ਗੁਰੂ ਘਰ ਵਿਖੇ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਸੂਬਾ ਸਰਕਾਰ ਨੇ ਇਸੇ ਅਸਥਾਨ 'ਤੇ ਕਰੀਬ ਇਕ ਕਰੋੜ ਰੁਪਏ ਖ਼ਰਚ ਕਰਕੇ 1100 ਫੁੱਟ ਡੂੰਘਾ ਟਿਊਬਵੈਲ ਲਗਾ ਕੇ ਸੰਗਤਾਂ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਹੈ ਅਤੇ ਭਵਿੱਖ 'ਚ ਸੰਗਤਾਂ ਨੂੰ ਕੋਈ ਵੀ ਸਮੱਸਿਆ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਰਛਪਾਲ ਰਾਜੂ ਡਾਇਰੈਕਟਰ ਐਸ.ਸੀ ਕਾਰਪੋਰੇਸ਼ਨ, ਗੁਰੂ ਘਰ ਦੇ ਪ੍ਰਧਾਨ ਸੰਤ ਸੁਰਿੰਦਰ ਦਾਸ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਐਲ.ਆਰ.ਵਿਰਦੀ ਨੇ ਜਿਥੇ ਪੰਜਾਬ ਦੇ ਵਿੱਤ ਮੰਤਰੀ, ਡਿਪਟੀ ਸਪੀਕਰ ਅਤੇ ਸੰਗਤਾਂ ਦਾ ਸਮਾਗਮਾਂ 'ਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ, ਉਥੇ ਉਨ੍ਹਾਂ ਗੁਰੂ ਘਰ ਵਿਖੇ ਸੰਗਤਾਂ ਨੂੰ ਦਰਪੇਸ਼ ਸਮੱਸਿਆਵਾਂ ਤੋਂ ਵੀ ਜਾਣੂ ਕਰਵਾਇਆ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋਂ ਆਈਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਤ-ਮਹਾਪੁਰਸ਼ਾਂ ਦਾ ਸਿਰੋਪਾਓ ਨਾਲ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਗਾਇਕਾਂ ਅਤੇ ਕੀਰਤਨੀ ਜਥਿਆਂ ਨੇ ਵੀ ਹਾਜ਼ਰੀਆਂ ਭਰੀਆਂ। ਇਸ ਮੌਕੇ ਪੰਜਾਬ ਭਰ ਖਾਸ ਕਰਕੇ ਮਾਲਵਾ ਖੇਤਰ ਤੋਂ ਵੱਡੀ ਗਿਣਤੀ 'ਚ ਸੰਗਤਾਂ ਅਤੇ ਸੇਵਾਦਾਰਾਂ ਨੇ ਜਿਥੇ ਸੰਗਤਾਂ ਲਈ ਲਗਾਤਾਰ ਤਿੰਨ ਦਿਨ ਲੰਗਰ ਲਗਾਏ, ਉੱਥੇ ਸੇਵਾ ਵਿਚ ਵੱਧ-ਚੜ੍ਹ ਕੇ ਹਿੱਸਾ ਪਾਇਆ। ਇਸ ਮੌਕੇ ਸੰਤ ਮਾਂਗਨ ਦਾਸ ਮੱਧ ਪ੍ਰਦੇਸ਼, ਸੰਤ ਬਖਸ਼ੀ ਰਾਮ ਜਗਾਧਰੀ, ਸੰਤ ਸੈਮ ਪ੍ਰਕਾਸ਼ ਨਨਹੇੜੀ ਹਰਿਆਣਾ, ਸੰਤ ਜੀਵਨ ਦਾਸ ਲਲਿਤਪੁਰ ਉੱਤਰ ਪ੍ਰਦੇਸ਼, ਸੰਤ ਸ਼ੀਲ ਪ੍ਰਸਾਦ ਉੱਤਰਾਖੰਡ, ਸੰਤ ਦਿਆਲ ਬੰਗਾ, ਸੰਤ ਗਿਰਧਾਰੀ ਲਾਲ, ਸੰਤ ਕਰਮ ਚੰਦ ਬੀਣੇਵਾਲ, ਮਨਜੀਤ ਮੁਗੋਵਾਲੀਆ ਪ੍ਰਧਾਨ ਡਾ.ਅੰਬੇਡਕਰ ਸਭਾ ਮਹਾਰਾਸ਼ਟਰ, ਐਲ.ਆਰ.ਵਿਰਦੀ ਕੌਮੀ ਪ੍ਰਧਾਨ ਆਦਿ ਧਰਮ ਮਿਸ਼ਨ, ਰਾਹੁਲ ਬੱਧਣ ਨਵੀਂ ਦਿੱਲੀ ਨਾਜਰ ਰਾਮ ਮਾਨ ਚੇਅਰਮੈਨ ਗੁਰੁ ਘਰ, ਪ੍ਰਿਸੀਪਲ ਸਰੂਪ ਚੰਦ ਗੜ੍ਹਸ਼ੰਕਰ, ਸੁਰਜੀਤ ਸਿੰਘ ਖਾਨਪੁਰੀ, ਹਰਬੰਸ ਸਿੰਘ ਇੰਸਪੈਕਟਰ ਪੁਲਿਸ, ਨਰੰਜਣ ਸਿੰਘ ਪੋਸਟ ਮਾਸਟਰ ਦੁਰਾਹਾ, ਦਲਵੀਰ ਰਾਜ ਮੀਤ ਪ੍ਰਧਾਨ ਆਦਿ ਧਰਮ ਮਿਸ਼ਨ ਭਾਰਤ, ਸੁਖਚੈਨ ਸਿੰਘ ਕਾਲਾ, ਮਨਜੀਤ ਮਗੋਵਾਲੀਆ, ਸੁਰਿੰਦਰ ਸਿੰਘ ਅਤੇ ਰਾਜ ਕੁਮਾਰ ਡੰਗਰਪੁਰ ਆਦਿ ਵੀ ਹਾਜਰ ਸਨ।

for more news visit:
www.samajweekly.com

# ਭੱਲਾ ਪਰਿਵਾਰ ਦੀਆਂ ਅੱਖਾਂ 'ਚ ਹੰਝੂ, ਧੀ ਨੇ ਭਾਵੁਕ ਸ਼ਬਦਾਂ ਨਾਲ ਦਿੱਤੀ ਪਿਤਾ ਨੂੰ ਸ਼ਰਧਾਂਜਲੀ






**ਚੰਡੀਗੜ੍ਹ, ਗੁਰਭਿੰਦਰ ਗੁਰੀ** ਪੰਜਾਬੀ ਕਾਮੇਡੀਅਨ, ਅਦਾਕਾਰ ਤੇ ਅਧਿਆਪਕ ਡਾ. ਜਸਵਿੰਦਰ ਭੱਲਾ ਦੀ ਭੋਗ ਅਤੇ ਅੰਤਿਮ ਅਰਦਾਸ ਅੱਜ ਸੈਕਟਰ-34 ਵਿਖੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿੱਚ ਹੋਈ। ਇਸ ਭਾਵੁਕ ਸਮਾਗਮ ਵਿੱਚ ਪੰਜਾਬੀ ਫਿਲਮ ਇੰਡਸਟਰੀ, ਰਾਜਨੀਤੀ ਅਤੇ ਸਮਾਜਿਕ ਜਗਤ ਨਾਲ ਸਬੰਧਤ ਕਈ ਮਸ਼ਹੂਰ ਹਸਤੀਆਂ ਨੇ ਹਾਜ਼ਰੀ ਭਰੀ ਅਤੇ ਆਪਣੇ ਪ੍ਰਿਅ ਕਲਾਕਾਰ ਨੂੰ ਸ਼ਰਧਾਂਜਲੀ ਦਿੱਤੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਡਾ. ਭੱਲਾ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ। ਭੱਲਾ ਸਾਹਿਬ ਦੀ ਧੀ ਅਸ਼ਪ੍ਰੀਤ ਨੇ ਨਮ ਅੱਖਾਂ ਨਾਲ ਕਿਹਾ, "ਪਾਪਾ, ਤੁਸੀਂ ਮੇਰੀ ਤਾਕਤ ਸੀ। ਤੁਹਾਡੇ ਬਿਨਾਂ ਸਾਡੀ ਦੁਨੀਆ ਅਧੂਰੀ ਹੈ।"

**ਇੰਡਸਟਰੀ ਅਤੇ ਰਾਜਨੀਤਿਕ ਹਸਤੀਆਂ ਦੀ ਹਾਜ਼ਰੀ**

ਇਸ ਮੌਕੇ 'ਤੇ ਪੰਜਾਬੀ ਸਿਨੇਮਾ ਦੇ ਕਈ ਸਿਤਾਰੇ, ਜਿਵੇਂ ਕਿ ਗਿੱਪੀ ਗਰੇਵਾਲ, ਗੁਰਪ੍ਰੀਤ ਘੁੱਗੀ, ਡਾਇਰੈਕਟਰ ਕੰਗ, ਅਤੇ ਹੋਰ ਕਲਾਕਾਰ ਮੌਜੂਦ ਸਨ। ਪੰਜਾਬ ਸਰਕਾਰ ਦੇ ਮੰਤਰੀ ਹਰਦੀਪ ਸਿੰਘ ਮੁੰਡੀਆ, ਸੰਸਦ ਮੈਂਬਰ ਗੁਰਮੀਤ ਸਿੰਘ ਮੀਤ , ਅਤੇ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਆਪਣੀਆਂ ਪਤਨੀਆਂ ਸਮੇਤ ਗੁਰਦੁਆਰੇ ਪਹੁੰਚੇ ਅਤੇ ਭੱਲਾ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ।

ਭੋਗ ਸਮਾਗਮ ਤੋਂ ਬਾਅਦ ਡਾ. ਭੱਲਾ ਦੇ ਪੁੱਤਰ ਪੁਖਰਾਜ ਭੱਲਾ ਦੇ ਸਿਰ ਉੱਤੇ ਸਿੰਘ ਸਾਹਿਬਾਨ ਨੇ ਪਗੜੀ ਸਜਾਈ, ਜੋ ਪਰਿਵਾਰਕ ਜ਼ਿੰਮੇਵਾਰੀਆਂ ਦੇ ਸੰਕੇਤ ਵਜੋਂ ਮੰਨੀ ਜਾਂਦੀ ਹੈ।

**ਮੋਹਾਲੀ ਵਿੱਚ "ਜਸਵਿੰਦਰ ਭੱਲਾ ਚੌਕ"**

ਮੋਹਾਲੀ ਦੇ ਪੂਰਵ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਮੋਹਾਲੀ ਨਗਰ ਨਿਗਮ ਨੇ ਫੋਰਟਿਸ ਹਸਪਤਾਲ ਦੇ ਨੇੜੇ ਵਾਲੇ ਚੌਕ ਦਾ ਨਾਮ "ਜਸਵਿੰਦਰ ਭੱਲਾ ਚੌਕ" ਰੱਖਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਇਸ ਚੌਕ ਦਾ ਨਵਾਂ ਬੋਰਡ ਲਗਾਇਆ ਜਾਵੇਗਾ ਅਤੇ ਭੱਲਾ ਸਾਹਿਬ ਦੀ ਪ੍ਰਤਿਮਾ ਲਗਾਉਣ ਦੀ ਯੋਜਨਾ ਵੀ ਬਣਾਈ ਗਈ ਹੈ।

ਭੋਗ ਅਤੇ ਅੰਤਿਮ ਅਰਦਾਸ ਦੌਰਾਨ ਮਾਹੌਲ ਗ਼ਮਗੀਂਨ ਰਿਹਾ। ਭੱਲਾ ਸਾਹਿਬ ਦੀ ਪਤਨੀ, ਧੀ ਅਤੇ ਪੁੱਤਰ ਬੇਹੱਦ ਭਾਵੁਕ ਨਜ਼ਰ ਆਏ। ਹਜ਼ਾਰਾਂ ਪ੍ਰਸ਼ੰਸਕ, ਦੋਸਤ ਅਤੇ ਫਿਲਮ ਇੰਡਸਟਰੀ ਨਾਲ ਜੁੜੇ ਹਸਤੀਆਂ ਉਨ੍ਹਾਂ ਨੂੰ ਅੰਤਿਮ ਵਿਦਾਈ ਦੇਣ ਲਈ ਇਕੱਠੇ ਹੋਏ।

ਸਭ ਤੋਂ ਦਿਲ ਛੂਹਣ ਵਾਲਾ ਪਲ ਉਸ ਵੇਲੇ ਆਇਆ ਜਦੋਂ ਜਸਵਿੰਦਰ ਭੱਲਾ ਦੀ ਧੀ ਨੇ ਹੰਝੂ ਭਰੀਆਂ ਅੱਖਾਂ ਨਾਲ ਪਿਤਾ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਉਸ ਨੇ ਰੋਂਦੇ ਹੋਏ ਕਿਹਾ,

"ਪਾਪਾ ਸਾਡੇ ਨਾਲ ਹਰ ਵੇਲੇ ਮਸਤੀ ਕਰਦੇ ਰਹਿੰਦੇ ਸਨ, ਸਾਨੂੰ ਹਸਾਉਂਦੇ ਸਨ। ਬਚਪਨ ਦੀਆਂ ਉਹਨਾਂ ਨਾਲ ਜੁੜੀਆਂ ਬੇਅੰਤ ਯਾਦਾਂ ਅੱਜ ਵੀ ਦਿਲ ਵਿੱਚ ਤਾਜ਼ਾ ਹਨ। ਅੱਜ ਵੀ ਜਦੋਂ ਅਰਦਾਸ ਕਰਦੀ ਹਾਂ, ਸਭ ਤੋਂ ਪਹਿਲਾਂ ਪਾਪਾ ਦੀ ਤੰਦਰੁਸਤੀ ਲਈ ਹੀ ਅਰਦਾਸ ਮੂੰਹੋਂ ਨਿਕਲਦੀ ਹੈ।"

ਉਸ ਦੀਆਂ ਭਾਵੁਕ ਗੱਲਾਂ ਸੁਣ ਕੇ ਸਮਾਗਮ ਵਿੱਚ ਮੌਜੂਦ ਹਰ ਸ਼ਖ਼ਸ ਦੀਆਂ ਅੱਖਾਂ ਨਮ ਹੋ ਗਈਆਂ। ਭੱਲਾ ਸਾਹਿਬ ਦੀ ਹੰਸਮੁੱਖ ਸ਼ਖਸੀਅਤ, ਉਨ੍ਹਾਂ ਦੀ ਸਾਦਗੀ ਅਤੇ ਦਰਿਆਦਿਲ ਸੁਭਾਵ ਨੂੰ ਯਾਦ ਕਰਦੇ ਹੋਏ ਹਰ ਕਿਸੇ ਨੇ ਉਨ੍ਹਾਂ ਨੂੰ ਸੱਚੇ ਮਨ ਨਾਲ ਸ਼ਰਧਾਂਜਲੀ ਭੇਟ ਕੀਤੀ।

ਜਸਵਿੰਦਰ ਭੱਲਾ ਦਾ ਅਚਾਨਕ ਦਿਹਾਂਤ ਪੰਜਾਬੀ ਮਨੋਰੰਜਨ ਜਗਤ ਲਈ ਇੱਕ ਵੱਡੀ ਖਾਲੀ ਥਾਂ ਛੱਡ ਗਿਆ ਹੈ, ਜਿਸ ਨੂੰ ਭਰਨਾ ਅਸੰਭਵ ਜਾਪਦਾ ਹੈ।

**ਸਾਫ-ਸੁਥਰੀ ਕਾਮੇਡੀ ਦੇ ਮਾਹਰ**

ਪੰਜਾਬ ਫਿਲਮ ਸੈਂਸਰ ਬੋਰਡ ਦੇ ਸਾਬਕਾ ਮੈਂਬਰ ਆਰ.ਆਰ. ਗਿੱਲ ਨੇ ਯਾਦਾਂ ਸਾਂਝੀਆਂ ਕਰਦਿਆਂ ਕਿਹਾ, "ਜਦੋਂ ਭੱਲਾ ਸਾਹਿਬ ਦੇ ਟੀਵੀ ਜਾਂ ਫਿਲਮ ਪ੍ਰੋਜੈਕਟ ਸਰਟੀਫਿਕੇਸ਼ਨ ਲਈ ਆਉਂਦੇ ਸਨ, ਅਸੀਂ ਇਕ ਮਿੰਟ ਵਿੱਚ ਹੀ ਸਾਇਨ ਕਰ ਦਿੰਦੇ ਸੀ, ਕਿਉਂਕਿ ਉਨ੍ਹਾਂ ਦੀ ਕਾਮੇਡੀ ਹਮੇਸ਼ਾ ਸਾਫ-ਸੁਥਰੀ ਤੇ ਪਰਿਵਾਰਕ ਹੁੰਦੀ ਸੀ।"

**ਡਾ. ਭੱਲਾ ਦਾ ਜੀਵਨ-ਸਫ਼ਰ**

ਡਾ. ਜਸਵਿੰਦਰ ਭੱਲਾ ਦਾ ਜਨਮ 4 ਮਈ 1960 ਨੂੰ ਲੁਧਿਆਣਾ ਦੇ ਦੋਰਾਹਾ ਕਸਬੇ ਵਿੱਚ ਹੋਇਆ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਫਊ), ਲੁਧਿਆਣਾ ਤੋਂ ਕੀਤੀ ਅਤੇ ਬਾਅਦ ਵਿੱਚ ਉਥੇ ਹੀ ਖੇਤੀਬਾੜੀ ਵਿਗਿਆਨ ਦੇ ਵਿਭਾਗ ਵਿੱਚ ਪ੍ਰੋਫੈਸਰ ਵਜੋਂ ਸੇਵਾ ਨਿਭਾਈ।

ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਨੇ ਖੇਤੀਬਾੜੀ ਨਾਲ ਜੁੜੇ ਕਈ ਰਿਸਰਚ ਪੇਪਰ ਪ੍ਰਕਾਸ਼ਤ ਕੀਤੇ, ਜਦੋਂ ਕਿ ਕਲਾ ਦੇ ਖੇਤਰ ਵਿੱਚ ਉਨ੍ਹਾਂ ਦਾ ਯੋਗਦਾਨ ਬੇਮਿਸਾਲ ਰਿਹਾ। ਉਹਨਾਂ ਨੇ ਕਈ ਮਸ਼ਹੂਰ ਕਾਮੇਡੀ ਟੀਵੀ ਸੀਰੀਅਲਾਂ ਅਤੇ ਫਿਲਮਾਂ ਵਿੱਚ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦੇ ਦਿਲਾਂ 'ਚ ਖਾਸ ਥਾਂ ਬਣਾਈ।


**ਫਿਲਮੀ ਕਰੀਅਰ ਦੀ ਚਮਕ**

ਭੱਲਾ ਸਾਹਿਬ ਨੇ 1980 ਦੇ ਅੰਤ ਵਿੱਚ ਕਾਮੇਡੀ ਸਕਿਟਸ ਨਾਲ ਸ਼ੁਰੂਆਤ ਕੀਤੀ ਅਤੇ ਜਲਦੀ ਹੀ ਪੰਜਾਬੀ ਮਨੋਰੰਜਨ ਉਦਯੋਗ ਦਾ ਵੱਡਾ ਚਿਹਰਾ ਬਣ ਗਏ। ਫਿਲਮਾਂ "ਕੈਰੀ ਆਨ ਜੱਟਾ", "ਜੱਟ ਐਂਡ ਜੂਲੀਅਟ", "ਵੱਡੇ ਕਿਆ ਬਾਤ", "ਮਨ ਜੀਤੇ ਜਗ ਜੀਤ" ਸਮੇਤ ਦਰਜਨਾਂ ਹਿੱਟ ਫਿਲਮਾਂ ਵਿੱਚ ਉਨ੍ਹਾਂ ਦੀ ਕਾਮੇਡੀ ਨੇ ਦਰਸ਼ਕਾਂ ਨੂੰ ਖੂਬ ਹਸਾਇਆ। ਉਨ੍ਹਾਂ ਦੀ ਹਾਸ ਪਰੰਪਰਾ ਹਮੇਸ਼ਾ ਸ਼ਾਲੀਨਤਾ ਅਤੇ ਸੰਦੇਸ਼ ਨਾਲ ਭਰੀ ਰਹੀ, ਜਿਸ ਕਾਰਨ ਉਹ ਹਰ ਪੀੜ੍ਹੀ ਦੇ ਦਰਸ਼ਕਾਂ ਦੇ ਦਿਲਾਂ ਵਿੱਚ ਰਚ-ਬਸ ਗਏ।

**ਅਚਾਨਕ ਵਿਛੋੜਾ**

22 ਅਗਸਤ ਦੀ ਸਵੇਰ ਨੂੰ ਬ੍ਰੇਨ ਸਟਰੋਕ ਕਾਰਨ ਸਿਰਫ਼ 65 ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਅੰਤਿਮ ਸੰਸਕਾਰ ਵਿੱਚ ਪੰਜਾਬੀ ਫਿਲਮ ਇੰਡਸਟਰੀ ਦੇ ਨਾਲ-ਨਾਲ ਰਾਜਨੀਤਿਕ ਅਤੇ ਸਮਾਜਿਕ ਜਗਤ ਦੀਆਂ ਕਈ ਹਸਤੀਆਂ ਨੇ ਹਾਜ਼ਰੀ ਭਰੀ। ਡਾ. ਜਸਵਿੰਦਰ ਭੱਲਾ ਦੀਆਂ ਯਾਦਾਂ ਹਮੇਸ਼ਾਂ ਪੰਜਾਬੀ ਸੱਭਿਆਚਾਰ ਅਤੇ ਕਾਮੇਡੀ ਦੇ ਇਤਿਹਾਸ ਵਿੱਚ ਜੀਵੰਤ ਰਹਿਣਗੀਆਂ।

# ਮਸ਼ਹੂਰ ਗਾਇਕ ਦੁਰਗਾ ਰੰਗੀਲਾ



ਗਾਇਕ ਦੁਰਗਾ ਰੰਗੀਲਾ ਦਾ ਜਨਮ 5 ਜੁਲਾਈ ਨੂੰ ਪਿਤਾ ਸਾਧੂ ਰਾਮ ਦੇ ਘਰ ਪਿੰਡ ਝੱਲੀਆਂ ਕਲਾਂ ਰੋਪੜ ਦੇ ਵਿੱਚ ਹੋਇਆ।

ਗਾਇਕ ਦੁਰਗਾ ਰੰਗੀਲਾ ਬਚਪਨ ਤੋਂ ਹੀ ਆਪਣੇ ਪ੍ਰਾਈਮਰੀ ਸਕੂਲ ਦੇ ਵਿੱਚ ਬਾਲ ਸਭਾ ਦੇ ਵਿੱਚ ਅਫਸਰ ਗਾਉਂਦੇ ਰਹਿੰਦੇ ਸਨ ਤੇ ਗਾਇਕੀ ਖੇਤਰ ਦੇ ਵਿੱਚ ਇੱਕ ਵੱਡੇ ਸਟਾਰ ਬਣਨਾ ਚਾਹੁੰਦੇ ਸੀ। ਤੇ ਉਹ ਉਹਨਾਂ ਦਾ ਸੁਪਨਾ ਸਵੀਕਾਰ ਵੀ ਹੋਇਆ ਜਦੋਂ ਉਹ ਆਪਣੇ ਬਾਲ ਸਭਾ ਦੇ ਵਿੱਚ ਗਾਉਂਦੇ ਸਨ ਤਾਂ ਦੇਸ਼ ਦੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਜੀ ਇੱਕ ਵਾਰੀ ਕਿਸੇ ਪ੍ਰੋਗਰਾਮ ਦੌਰਾਨ ਉਹਨਾਂ ਦੇ ਸਕੂਲ ਵਿੱਚ ਆਏ ਹੋਏ ਸਨ ਤਾਂ ਉਹ ਜਦੋਂ ਦੁਰਗਾ ਰੰਗੀਲਾ ਨੇ ਗਾਣਾ ਗਾਇਆ ਤਾਂ ਰੰਗ ਬੰਨ ਦਿੱਤੇ ਤਾਂ ਜਦੋਂ ਦੁਰਗਾ ਤੋਂ ਉਹਨਾਂ ਦਾ ਨਾਮ ਪੁੱਛਿਆ ਗਿਆ ਤਾਂ ਦੁਰਗਾ ਰੰਗੀਲਾ ਨੇ ਰਾਸ਼ਟਰਪਤੀ ਨੂੰ ਕਿਹਾ ਕਿ ਮੇਰਾ ਨਾਮ ਦੁਰਗਾ ਦਾਸ ਹੈ ਤਾਂ ਰੰਗੀਲਾ ਨੂੰ ਰਾਸ਼ਟਰਪਤੀ ਜੈਲ ਸਿੰਘ ਨੇ ਨਵਾਂ ਤੱਖੱਲਾਸ ਦਿੱਤਾ ਨਹੀਂ ਬਾਈ ਤੂੰ ਤਾਂ ਰੰਗ ਬੰਨ ਦਿੱਤੇ ਗਾਇਕੀ ਦੇ ਵਿੱਚ ਤੇਰਾ ਨਾਮ ਰੰਗੀਲਾ ਹੋਣਾ ਚਾਹੀਦਾ ਤਾਂ ਉਸ ਦਿਨ ਤੋਂ ਬਾਅਦ ਦੁਰਗਾ ਰੰਗੀਲਾ ਨੇ ਰਾਸ਼ਟਰਪਤੀ ਵੱਲੋਂ ਦਿੱਤਾ ਹੋਇਆ ਨਾਮ ਆਪਣੇ ਨਾਮ ਦੇ ਪਿੱਛੇ ਲਾ ਲਿਆ ਤੇ ਮੁੜ ਕੇ ਕਦੇ ਪਿੱਛੇ ਨਹੀਂ ਦੇਖਿਆ।

ਸ਼ਹਿਰ ਤੇਰੇ ਦੀਆਂ ਗਲੀਆਂ, ਮਿੱਤਰਾਂ ਦਾ ਦਿਲ ਕੁੜੀਏ, ਨਾ ਜਾਇਓ ਪਰਦੇਸ, ਯਾਰੀਆਂ ਕੱਚੀਆਂ, ਵਿਆਹ ਤੇਰੀ ਦੀ ਤਿਆਰੀ ਕਾਲੀ ਗਾਨੀ ਮਿੱਤਰਾਂ ਦੀ, ਪਿਆਰ ਦੀ ਬੁਣਤੀ, ਗਾਗਰ ਪਿਆਰ ਵਾਲੀ, ਨੂਰ ਤੇਰੇ ਨੈਣਾਂ ਦਾ, ਚਿਰਾਗ ਮੁਹੱਬਤ ਦਾ, ਮੇਰੇ ਸਾਈਂ, ਦਾਤੀ ਸਭ ਦਾ ਭਲਾ ਕਰੀ, ਨਾ ਲਾਇਓ ਨਾ ਲਾਇਓ, ਜੀ ਵੇ ਸੋਣਿਆ ਜੀ ਹਿੱਟ ਕੈਸੇਟਾਂ ਤੋਂ ਇਲਾਵਾ ਕਈ ਕੈਸਟਾਂ ਮਲਟੀ ,ਕਈ ਗੀਤ ਸਿੰਗਲ ਟਰੈਕ ਅਤੇ ਕਈ ਹੋਰ ਮਸ਼ਹੂਰ ਗੀਤ ਗਾਏ ।

ਬਚਪਨ ਤੋਂ ਗਾਇਕੀ ਦਾ ਸ਼ੌਂਕ ਰੱਖਣ ਵਾਲੇ ਰੰਗੀਲਾ ਜੀ ਨੇ ਆਪਣੇ ਉਸਤਾਦਾਂ ਤੋਂ ਸਿੱਖਿਆ ਪਰ ਉਹਨਾਂ ਨੇ ਜਿਹੜੀ ਆਪਣੀ ਸ਼ੁਰੂਆਤ ਕੀਤੀ ਸੀ ਉਹ ਢਾਡੀ ਵਾਰਾਂ ਤੇ ਕੀਰਤਨ ਤੋਂ ਕੀਤੀ ਸੀ। ਕੀਰਤਨ ਦੀ ਕਾਫੀ ਲੰਮਾ ਸਮਾਂ ਤੇ ਢਾਡੀ ਵਾਰਾਂ ਰਾਹੀਂ ਉਹ ਸਿੱਖ ਸੰਗਤਾਂ ਦੀ ਸੇਵਾ ਕਰਦੇ ਰਹੇ ਤੇ ਉਹਨਾਂ ਨੇ ਕਾਫੀ ਧਾਰਮਿਕ ਗੀਤ ਦਿੱਤੇ ਜੇਕਰ ਗਾਇਕੀ ਸਫਰ ਦੀ ਗੱਲ ਕਰੀਏ ਤਾਂ ਉਹਨਾਂ ਨੇ ਆਪਣੀ ਗਾਇਕੀ ਦੀ ਸ਼ੁਰੂਆਤ 1992 ਦੇ ਵਿੱਚ ਪਹਿਲੀ ਟੇਪ ਮਾਹੀਆ ਵਿੱਚ ਪ੍ਰਦੇਸ਼ਾਂ ਦੇ ਨਾਲ ਕੀਤੀ ਤੇ ਜੋ ਬਹੁਤ ਜਿਆਦਾ ਹਿੱਟ ਰਹੀ। ਦੁਰਗਾ ਜੀ ਦੀ ਧਰਮ ਪਤਨੀ ਇੱਕ ਬੇਟਾ ਜੋ ਅੱਜ ਕੱਲ ਚਮਕੌਰ ਸਾਹਿਬ ਦੇ ਵਿੱਚ ਗੁਰੂ ਦੀ ਧਰਤੀ ਉੱਤੇ ਰਹਿ ਰਹੇ ਨੇ ਤੇ ਗੁਰੂ ਦੀ ਬਖਸ਼ਿਸ਼ ਨਾਲ ਉਹਨਾਂ ਨੇ ਗਾਇਕੀ ਖੇਤਰ ਵਿੱਚ ਬੁਲੰਦੀਆਂ ਨੂੰ ਛੋਹਿਆ। ਦੁਰਗਾ ਰੰਗੀਲਾ ਜੀ ਨੇ ਕਈ ਫਿਲਮਾਂ ਦੇ ਵਿੱਚ ਵੀ ਗੀਤ ਗਾਏ ਜਿਵੇਂ ਕਿ .. ਸ਼ਹੀਦ ਏ ਮੁਹੱਬਤ ਵਿੱਚ ... 'ਕਿਸੇ ਨੀ ਤੇਰੀ ਜਾਤ ਪੁੱਛਣੀ' ਫਿਲਮ ਸੁੱਖਾ... 'ਤੇਰੇ ਬਿਨਾ ਇਹ ਰਾਤਾਂ ਵੇ ਸੱਜਣਾ ਤਾਰੇ ਗਿਣ ਗਿਣ ਲੰਘਣਗੀਆਂ।'

**ਸੁਪਰ ਹਿੱਟ ਗੀਤ**

ਰੱਬ ਵਰਗਾ ਸੀ ਤੇਰਾ ਯਾਰ ਵੈਰਨੇ ਇੱਜਤ ਗਵਾ ਤੀ ਥਾਣਿਆਂ ਚ ਰੋਲ ਤਾ, ਸਾਡੀ ਪਿੱਠ ਤੇ ਜਿਹਨੇ ਵਾਰ ਹੋਏ ਸਭ ਕੀਤੇ ਜਿਗਰੀ ਯਾਰਾਂ, ਕਾਲੇ ਪਾਣੀ ਵਰਗਾ ਨੀ ਪਿੰਡ ਲੱਗਦਾ ਸੱਜਣਾਂ ਨੂੰ, ਕਾਲੀ ਗਾਨੀ ਮਿੱਤਰਾਂ ਦੀ ਰਾਤੀ ਟੁੱਟ ਗਈ ਨੀਂਦ ਨਾ, ਤੂੰ ਰਾਤ ਗਈ ਤੂੰ ਨਹੀਂ ਜੰਨੀਏ ਮੇਰੀ ਮੜੀ ਤੇ ਦੀਵਾ ਧਰ ਜਾਈਂ, ਸੁਣਿਆ ਤੂੰ ਸਾਡੇ ਉਜੜਨ ਤੇ ਖੁਫੀਆ ਜਸ਼ਨ ਮਨਾਏ ਨੇਂ, ਤੂੰ ਵੱਖ ਰੋਵੇ ਮੈਂ ਵੱਖ ਰੋਂਵਾਂ, ਗਾਗਰ ਪਿਆਰ ਵਾਲੀ, ਸੁਣਿਆ ਅੱਜ ਕੱਲ ਜ਼ੋਰਾਂ ਤੇ ਹੁੰਦੀ ਵਿਆਹ ਤੇਰੇ ਦੀ ਤਿਆਰੀ ਨੀ, ਸਾਨੂੰ ਚੁਣ ਕੇ ਉਮੀਦਵਾਰ ਦਿਲ ਦਾ ਅੰਗੂਠਾ ਕਿਤੇ ਹੋਰ ਲਾ ਗਈ ਅਸੀਂ ਉਸ ਵਾਹਿਗੁਰੂ ਅੱਗੇ ਇਹ ਅਰਦਾਸ ਕਰਦੇ ਹਾਂ ਕਿ ਇਹ ਸ਼ੇਰ ਵਰਗੀ ਗੜਕ ਦੀ ਆਵਾਜ਼ ਦਾ ਮਾਲਕ ਆਪਣੇ ਸਰੋਤਿਆਂ ਦੀ ਝੋਲੀ ਇਸੇ ਤਰ੍ਹਾਂ ਗੀਤ ਪਾਉਂਦਾ ਰਹੇ ਦਿਨ ਰਾਤ ਚੌਗਣੀ ਤਰੱਕੀ ਕਰੇ।

**ਕੁਲਵੀਰ ਸਿੰਘ ਛਾਜਲੀ**

# ਕੁਦਰਤੀ ਆਫ਼ਤ ਪੰਜਾਬ ਸਰਕਾਰ ਲਈ ਪਰਖ਼ ਦੀ ਘੜੀ

ਪੰਜਾਬ ਦੇ ਹਲਾਤ ਤਰਸਯੋਗ ਹਨ । ਬਰਸਾਤ ਰੁਕਣ ਦਾ ਨਾਮ ਨਹੀਂ ਲੈ ਰਹੀ ਇਸ ਨਾਲ ਜਨ ਜੀਵਨ ਪ੍ਰਭਾਵਿਤ ਹੋਣਾ ਸੁਭਾਵਿਕ ਹੈ। ਪੰਜਾਬ ਵਿੱਚ ਹੜਾਂ ਦੀ ਸਥਿਤੀ ਬਰਕਰਾਰ ਹੈ। ਦਰਿਆ ਦੇ ਬੰਨ੍ਹ ਟੁੱਟਣ ਕਾਰਨ ਨਜ਼ਦੀਕ ਦੀਆਂ ਜ਼ਰਖ਼ੇਜ਼ ਜ਼ਮੀਨ ਵਿਚ ਖੜੀ ਲੱਖਾਂ ਏਕੜ ਫ਼ਸਲ ਬਰਬਾਦ ਹੋ ਗਈ ਹੈ ਤੇ ਘਰਾਂ ਵਿੱਚ ਪਾਣੀ ਭਰ ਗਿਆ । ਪੱਤਰਕਾਰਾਂ ਵੱਲੋਂ ਦਿਨ ਰਾਤ ਕਵਰੇਜ ਕੀਤੀ ਜਾ ਰਹੀ ਹੈ ਅਤੇ ਜਾਨ ਮਾਲ ਦੇ ਨੁਕਸਾਨ ਦੀਆ ਮਨਹੂਸ ਖਬਰਾਂ ਲਗਾਤਾਰ ਆ ਰਹੀਆਂ ਹਨ। ਪੰਜਾਬ ਦੇ ਲੋਕਾਂ ਦੇ ਹੌਂਸਲੇ ਬੁਲੰਦ ਹਨ ਹੜ ਪੀੜਤ ਇਲਾਕਿਆਂ ਵਿਚ ਆਪਣਿਆਂ ਲਈ ਆਪਣੇ ਰੱਬ ਬਣ ਬਹੁੜ ਰਹੇ ਹਨ। ਪੀੜਤ ਪਰਿਵਾਰਾਂ ਨੂੰ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਜਾ ਰਿਹਾ ਹੈ। ਅਲੱਗ ਅਲੱਗ ਸੰਸਥਾਵਾਂ ਦਿਨ ਰਾਤ ਇਸ ਆਫ਼ਤ ਨਾਲ ਮੋਢੇ ਨਾਲ ਮੋਢਾ ਜੋੜ ਕੇ ਜੂਝਦੀਆਂ ਨਜ਼ਰ ਆ ਰਹੀਆਂ ਹਨ। ਲੋਕ ਜਿਥੇ ਇਨ੍ਹਾਂ ਹੜਾਂ ਲਈ ਪ੍ਰਸ਼ਾਸਨ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ ਉਥੇ ਹੁਣ ਪ੍ਰਸ਼ਾਸਨ ਵੀ ਬਣਦੀ ਵਾਹ ਲਾ ਕੇ ਲਗ ਰਹੇ ਇਲਜਾਮ ਧੋਣ ਦਾ ਜਤਨ ਕਰ ਰਿਹਾ ਹੈ। ਪੰਜਾਬ ਦੇ ਬਹੁਤ ਸਾਰੇ ਕਲਾਕਾਰ ਬਣਦਾ ਯੋਗਦਾਨ ਪਾ ਕੇ ਦਸਵੰਧ ਸਫ਼ਲਾ ਕਰ ਰਹੇ ਹਨ । ਉਥੇ ਉਦਯੋਗ ਪਤੀਆਂ ਵੱਲੋਂ ਵੀ ਦਰਿਆ ਦਿਲੀ ਨਾਲ ਦਰਿਆਵਾਂ ਦੇ ਕੀਤੇ ਨੁਕਸਾਨ ਦੀ ਭਰਪਾਈ ਲਈ ਕੋਸ਼ਿਸ਼ਾਂ ਜਾਰੀ ਹਨ। ਮੈਡੀਸਨ ਸਮੇਤ ਖਾਣ ਪੀਣ ਦੇ ਸਮਾਨ ਤੋਂ ਇਲਾਵਾ ਪਸ਼ੂਆਂ ਦਾ ਚਾਰਾ ਅਤੇ ਤੰਬੂ ਤਰਪਾਲਾਂ ਸਮੇਤ ਹੋਰ ਸਹੂਲਤਾਂ ਜਿਥੇ ਜਿਥੇ ਜ਼ਰੂਰਤ ਹੈ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਅਜਿਹੇ ਹਲਾਤਾਂ ਵਿੱਚ ਰਾਜਨੀਤੀ ਆਪਣੀ ਪਰੰਪਰਾ ਨਿਭਾ ਰਹੀ ਹੈ। ਰਾਜਨੀਤਕ ਨੇਤਾਵਾਂ ਵੱਲੋਂ ਦੂਸ਼ਣਬਾਜ਼ੀ ਦਾ ਦੌਰ ਜਾਰੀ ਹੈ। ਪਰ ਇਹ ਵੇਲਾ ਦੂਸ਼ਣਬਾਜ਼ੀ ਦਾ ਨਹੀਂ ਹੈ। ਇਹ ਕੁਦਰਤੀ ਆਫ਼ਤ ਨਾਲ ਨਜਿੱਠਣ ਦਾ ਹੈ। ਪੰਜਾਬ ਸਰਕਾਰ ਦੇ ਮੰਤਰੀਆਂ ਵੱਲੋਂ ਪ੍ਰਸ਼ਾਸਨ ਤੇ ਨਜ਼ਲਾ ਸੁਟਿਆ ਜਾ ਰਿਹਾ ਹੈ। ਪਰ



ਹਕੀਕਤ ਹੈ ਕਿ ਸਮਾਂ ਰਹਿੰਦੇ ਬਣਦੀ ਭੂਮਿਕਾ ਨਿਭਾਉਣ ਵਿਚ ਹੋਈ ਕੁਤਾਹੀ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਾਣੀ ਵਿਚ ਹਿੱਸਾ ਵੰਡਾਉਣ ਵਾਲੇ ਤੇ ਪਾਣੀਆਂ ਤੇ ਹੱਕ ਜਿਤਾ ਕੇ ਚੀਖ ਚੀਖ ਕੇ ਲੜਨ ਵਾਲੇ ਸੂਬਿਆਂ ਨੂੰ ਸੱਪ ਸੁੰਘ ਗਿਆ ਹੈ। ਇਸ ਔਖੀ ਘੜੀ ਵਿੱਚ ਉਨ੍ਹਾਂ ਵੱਲੋਂ ਪੰਜਾਬ ਲਈ ਹਾਅ ਦਾ ਨਾਅਰਾ ਵੀ ਨਹੀਂ ਸਰਿਆ। ਪਰ ਪੰਜਾਬ ਦੇ ਸ਼ੇਰ ਦਿਲ ਸੂਰਮੇ ਔਕੜਾਂ ਨਾਲ ਲੜਨ ਤੇ ਮੁਸੀਬਤਾਂ ਤੇ ਫਤਹ ਪ੍ਰਾਪਤ ਕਰਨ ਦਾ ਵੱਲ ਜਾਣਦੇ ਹਨ। ਗੁਰੂ ਘਰਾਂ ਵਿੱਚ ਸਰਬੱਤ ਦੇ ਭਲੇ ਦੀਆਂ ਅਰਦਾਸਾਂ ਦਾ ਦੌਰ ਜਾਰੀ ਹੈ। ਰਾਤ ਦਿਨ ਹੜ ਪੀੜਤ ਇਲਾਕਿਆਂ ਵਿਚ ਰਾਹਤ ਕਾਰਜਾ ਵਿਚ ਜੁਟੇ ਕਿਸਾਨਾਂ ਦੇ ਟਰੈਕਟਰ ਟਰਾਲੀਆਂ ਦੀ ਗੂੰਜ ਪੈ ਰਹੀ ਹੈ। ਕਿਸਾਨ ਤੇ ਮਜ਼ਦੂਰ ਮੋਢੇ ਨਾਲ ਮੋਢਾ ਜੋੜ ਕੇ ਇਸ ਆਫ਼ਤ ਦੀ ਘੜੀ ਵਿੱਚ ਇਕਜੁੱਟ ਖੜੇ ਦਿਖਾਈ ਦੇ ਰਹੇ ਹਨ। ਬਹੁਤ ਸਾਰੇ ਕਿਸਾਨਾਂ ਵੱਲੋਂ ਜ਼ਮੀਨਾਂ ਠੇਕਿਆਂ ਤੇ ਲੈ ਕੇ ਫਸਲਾਂ ਦੀ ਬਿਜਾਈ ਕੀਤੀ ਗਈ ਸੀ ਜਿਨ੍ਹਾਂ ਦਾ ਲੱਖਾਂ ਵਿੱਚ ਨੁਕ-ਸਾਨ ਹੋਇਆ ਹੈ ਅਜਿਹੇ ਹਾਲਾਤ ਵਿਚ ਜ਼ਮੀਨ ਮਾਲਕਾਂ ਨੂੰ ਅੱਗੇ ਹੋ ਕੇ ਠੇਕੇਦਾਰਾ ਦੀ ਬਾਂਹ ਫੜ ਅਤੇ ਉਨ੍ਹਾਂ ਨੂੰ ਗਲ ਲਾਉਣ ਦੀ ਜ਼ਰੂਰਤ ਹੈ। ਹੋ ਸਕੇ ਤਾਂ ਤਬਾਹ ਹੋ ਚੁਕੀਆਂ ਫਸਲਾਂ ਦਾ ਠੇਕਾ ਨਾ ਲੈ ਕੇ ਮਨੁੱਖਤਾ ਦਾ ਫਰਜ਼ ਨਿਭਾਇਆ ਜਾਣਾ ਚਾਹੀਦਾ ਹੈ। ਕਿਸਾਨ ਜਥੇਬੰਦੀਆਂ ਮੰਗ ਕਰ ਰਹੀਆਂ ਹਨ ਕਿ ਲਗਾਤਾਰ ਪੰਜਾਬ ਦੀ ਤਬਾਹੀ ਦੀ ਦਾਸਤਾਨ ਲਿਖਣ ਵਾਲੇ ਹੜਾਂ ਦੇ ਕਾਰਨਾਂ ਤੇ ਜਾਂਚ ਹੋਣੀ ਚਾਹੀਦੀ ਹੈ। ਇਹ ਗੰਭੀਰ ਚਿੰਤਨ ਤੇ ਚਿੰਤਾ ਦਾ ਵਿਸ਼ਾ ਹੈ। ਆਖਰ ਕਦੋਂ ਤੱਕ ਪੰਜਾਬ ਇਨ੍ਹਾਂ ਤ੍ਰਾਸਦੀਆਂ ਦੇ ਨਾਲ ਜੂਝਦਾ ਰਹੇਗਾ। ਪੰਜਾਬ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਆਪਣੀ ਇਕ ਮਹੀਨੇ ਦੀ ਤਨਖਾਹ ਹੜ ਪ੍ਰਭਾਵਿਤ ਇਲਾਕਿਆਂ ਨੂੰ ਦੇਣ ਦਾ ਫੈਸਲਾ ਸ਼ਲਾਘਾਯੋਗ ਹੈ। ਬੇ ਸਕ ਪੰਜਾਬ ਸਰਕਾਰ ਵੱਲੋਂ ਰਾਤ ਦਿਨ ਇਕ ਕਰਕੇ ਬਣਦੀ ਵਾਹ ਲਗਾਈ ਜਾ ਰਹੀ ਹੈ ਪਰ ਇਹ ਹੜ ਜਾ ਕੁਦਰਤੀ ਆਫ਼ਤ ਪੰਜਾਬ ਸਰਕਾਰ ਲਈ ਕਿਸੇ ਪਰਖ ਦੀ ਘੜੀ ਤੋਂ ਘੱਟ ਨਹੀਂ ਹਨ। ਕਿਉਂਕਿ ਆਉਣ ਵਾਲੇ ਸਮੇਂ ਵਿੱਚ ਸਰਕਾਰਾਂ ਨੂੰ ਇਨ੍ਹਾਂ ਦਾ ਢੁਕਵਾਂ ਪ੍ਰਬੰਧ ਜਾ ਮੁਕੰਮਲ ਹੱਲ ਕੱਢਣ ਦੀ ਸਖ਼ਤ ਜ਼ਰੂਰਤ ਹੈ।



**ਪੱਤਰਕਾਰ ਹਰਜਿੰਦਰ ਸਿੰਘ ਚੰਦੀ ਮਹਿਤਪੁਰ**
**9814601638**

# ਮੇਜ਼ਰ ਧਿਆਨ ਚੰਦ: (ਹਾਕੀ ਦੇ ਜਾਦੂਗਰ ਅਤੇ ਰਾਸ਼ਟਰੀ ਖੇਡ ਦਿਵਸ ਦੀ ਵਿਰਾਸਤ)

ਭਾਰਤੀ ਖੇਡਾਂ ਦੇ ਇਤਿਹਾਸ ਦੇ ਮਹਾਨ ਅਧਿਆਇਆਂ ਵਿੱਚ ਮੇਜ਼ਰ ਧਿਆਨ ਚੰਦ ਦਾ ਨਾਮ ਸੁਨਹਿਰੇ ਅੱਖਰਾਂ ਨਾਲ ਅੰਕਿਤ ਹੈ। ਉਹਨਾਂ ਨੂੰ ਹਾਕੀ ਪ੍ਰੇਮੀਆਂ ਦੁਆਰਾ "ਹਾਕੀ ਦੇ ਜਾਦੂਗਰ" ਜਾਂ "ਹਾਕੀ ਦੇ ਮਾਹਿਰ" ਖਿਡਾਰੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਉਹਨਾਂ ਦੇ ਸ਼ਾਨਦਾਰ ਹਾਕੀ ਕੌਸ਼ਲਾਂ ਅਤੇ ਖੇਡ ਵਿੱਚ ਯੋਗਦਾਨ ਨੇ ਨਾ ਸਿਰਫ ਭਾਰਤ ਨੂੰ ਅੰਤਰਰਾਸ਼ਟਰੀ ਪੱਧਰ ਤੇ ਪ੍ਰਸਿੱਧੀ ਦਿੱਤੀ ਸਗੋਂ ਦੇਸ਼ ਦੀ ਹਾਕੀ ਪ੍ਰਤੀ ਸਦਾਬਹਾਰ ਪਿਆਰ ਦੀ ਬੁਨਿਆਦ ਵੀ ਰੱਖੀ। ਉਸ ਦੇ ਜੀਵਨ ਅਤੇ ਉਪਲਬਧੀਆਂ ਨੂੰ ਹਰ ਸਾਲ 29 ਅਗਸਤ ਨੂੰ ਰਾਸ਼ਟਰੀ ਖੇਡ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ, ਜਿਸ ਦਿਨ ਉਹਨਾਂ ਦੀ ਜਨਮ ਜਯੰਤੀ ਮਨਾਈ ਜਾਂਦੀ ਹੈ ਅਤੇ ਖੇਡਾਂ ਦੇ ਮਹੱਤਵ ਨੂੰ ਰਾਸ਼ਟਰ-ਨਿਰਮਾਣ ਵਿੱਚ ਉਜਾਗਰ ਕੀਤਾ ਜਾਂਦਾ ਹੈ।

**ਜੀਵਨ ਅਤੇ ਪ੍ਰਸਿੱਧੀ**

ਧਿਆਨ ਚੰਦ ਦਾ ਜਨਮ 29 ਅਗਸਤ 1905 ਨੂੰ ਅਲਹਾਬਾਦ (ਹੁਣ ਪ੍ਰਯਾਗਰਾਜ), ਉਤਰ ਪ੍ਰਦੇਸ਼ ਵਿੱਚ ਹੋਇਆ। ਬਚਪਨ ਵਿੱਚ ਆਪ ਨੂੰ ਖੇਡਾਂ ਪ੍ਰਤੀ ਕੋਈ ਖ਼ਾਸ ਦਿਲਚਸਪੀ ਨਹੀਂ ਸੀ। ਦਰਅਸਲ, ਨੌਜਵਾਨ ਧਿਆਨ ਚੰਦ ਭਾਰਤੀ ਫੌਜ ਵਿੱਚ ਸੇਵਾ ਕਰਨ ਲਈ ਵੱਧ ਰੁਚੀ ਰੱਖਦਾ ਸੀ।ਆਪਣੀ ਇਸ ਇੱਛਾ ਨੂੰ ਪੂਰਾ ਕਰਨ ਲਈ ਉਹ 16 ਸਾਲ ਦੀ ਉਮਰ ਵਿੱਚ ਫ਼ੌਜ ਵਿੱਚ ਭਰਤੀ ਹੋ ਗਿਆ। ਫ਼ੌਜ ਦੀ ਸੇਵਾ ਦੌਰਾਨ ਸੀ ਕਿ ਉਸ ਨੇ ਹਾਕੀ ਖੇਡਣ ਵਿੱਚ ਮੁਹਾਰਤ ਵਾਲੇ ਆਪਣੀ ਕੁਦਰਤੀ ਗੁਣ ਨੂੰ ਖੋਜਿਆ। ਉਸ ਦੀ ਅਸਧਾਰਣ ਸਟਿਕ ਖੇਡ, ਗੇਂਦ 'ਤੇ ਕੰਟਰੋਲ ਅਤੇ ਗੋਲ ਕਰਨ ਦੀ ਬੇਮਿਸਾਲ ਸਮਰੱਥਾ ਨੇ ਉਸ ਨੂੰ ਆਪਣੇ ਸਾਥੀਆਂ ਵਿੱਚ ਪ੍ਰਸਿੱਧੀ ਦਿੱਤੀ। ਉਸ ਦਾ ਨਾਮ "ਚੰਦ" ਇਸ ਲਈ ਰੱਖਿਆ ਗਿਆ ਕਿਉਂਕਿ ਉਹ ਆਪਣੀ ਡਿਊਟੀ ਕਰਨ ਉਪਰੰਤ ਚਾਂਦਨੀ ਰਾਤਾਂ ਵਿੱਚ ਹਾਕੀ ਦਾ ਅਭਿਆਸ ਕਰਦਾ ਸੀ—ਇਹ ਇੱਕ ਅਸਧਾਰਣ ਕੈਰੀਅਰ ਦੀ ਵਾਅਦਾ ਸੀ।

**ਸ਼ਾਨਦਾਰ ਕੈਰੀਅਰ ਅਤੇ ਅੰਤਰਰਾਸ਼ਟਰੀ ਜਿੱਤਾਂ**

ਧਿਆਨ ਚੰਦ ਨੇ ਤਿੰਨ ਲਗਾਤਾਰ ਓਲੰਪਿਕ ਖੇਡਾਂ ਵਿੱਚ ਭਾਰਤ ਦਾ ਨੁਮਾਇੰਦਗੀ ਕੀਤੀ—ਐਮਸਟਰਡਮ (1928), ਲਾਂਸ ਐਂਜਲਸ (1932) ਅਤੇ ਬਰਲਿਨ (1936)। ਤਿੰਨੋਂ ਓਲੰਪਿਕ ਖੇਡਾਂ ਵਿੱਚ ਭਾਰਤ ਨੇ ਸੋਨੇ ਦੇ ਪਦਕ ਜਿੱਤੇ, ਇਸ ਦੌਰਾਨ ਉਸ ਨੇ ਖੇਡ 'ਤੇ ਬੇਮਿਸਾਲ ਕਾਬੂ ਦਰਸਾਇਆ। 1928 ਦੇ ਐਮਸਟਰਡਮ ਓਲੰਪਿਕ ਵਿੱਚ, ਭਾਰਤ ਨੇ ਫਾਈਨਲ ਵਿੱਚ ਨੀਦਰਲੈਂਡਜ਼ ਨੂੰ 3–0 ਨਾਲ ਹਰਾਇਆ, ਜਿਸ ਵਿੱਚ ਧਿਆਨ ਚੰਦ ਨੇ ਦੋ ਗੋਲ ਕੀਤੇ। ਇਸ ਜਿੱਤ ਨੇ ਭਾਰਤ ਨੂੰ ਵਿਸ਼ਵ ਹਾਕੀ ਦੇ ਇਤਿਹਾਸ ਵਿੱਚ ਅਮਰ ਕਰ ਦਿੱਤਾ।

1932 ਦੇ ਲਾਂਸ ਐਂਜਲਸ ਓਲੰਪਿਕ ਵਿੱਚ, ਭਾਰਤ ਨੇ ਅਮਰੀਕਾ ਨੂੰ 24–1 ਨਾਲ ਹਰਾਇਆ, ਜੋ ਕਿ ਇੱਕ ਰਿਕਾਰਡ-ਤੋੜ ਜਿੱਤ ਸੀ, ਜਿਸ ਵਿੱਚ ਧਿਆਨ ਚੰਦ ਅਤੇ ਉਸ ਦੇ ਭਰਾ ਰੂਪ ਸਿੰਘ ਨੇ ਵੱਡੀ ਗਿਣਤੀ ਵਿੱਚ ਗੋਲ ਕੀਤੇ।

1936 ਦੇ ਬਰਲਿਨ ਓਲੰਪਿਕ ਵਿਸ਼ੇਸ਼ ਤੌਰ 'ਤੇ ਇਤਿਹਾਸਕ ਸਨ। ਐਡੋਲਫ ਹਿਟਲਰ ਅਤੇ ਵੱਡੇ ਜਰਮਨ ਦਰਸ਼ਕਾਂ ਦੇ ਸਾਹਮਣੇ ਖੇਡੀ ਗਈ, ਭਾਰਤ ਨੇ ਫਾਈਨਲ ਵਿੱਚ ਜਰਮਨੀ ਨੂੰ 8–1 ਨਾਲ ਹਰਾਇਆ, ਜਿਸ ਵਿੱਚ ਧਿਆਨ ਚੰਦ ਨੇ ਆਪਣੇ ਸਟਿਕ ਖੇਡ ਨਾਲ ਦਰਸ਼ਕਾਂ ਨੂੰ ਮੋਹਿਤ ਕੀਤਾ। ਉਸ ਦੀ ਪ੍ਰਦਰਸ਼ਨੀ ਇਤਨੀ ਸ਼ਾਨਦਾਰ ਸੀ ਕਿ ਕਿਹਾ ਜਾਂਦਾ ਹੈ ਕਿ ਹਿਟਲਰ ਨੇ ਉਸ ਨੂੰ ਜਰਮਨੀ ਵਿੱਚ ਇੱਕ ਉੱਚ ਮਿਲਟਰੀ ਪਦਵੀ ਦੀ ਪੇਸ਼ਕਸ਼ ਕੀਤੀ, ਜਿਸ ਨੂੰ ਧਿਆਨ ਚੰਦ ਨੇ ਨਿਮਰਤਾਪੂਰਵਕ ਠੁਕਰਾ ਦਿੱਤਾ ਸੀ।

ਆਪਣੇ ਕੈਰੀਅਰ ਵਿੱਚ ਧਿਆਨ ਚੰਦ ਨੇ ਅੰਤਰਰਾਸ਼ਟਰੀ ਮੈਚਾਂ ਵਿੱਚ 400 ਤੋਂ ਵੱਧ ਗੋਲ ਕਰਨ ਦਾ ਅੰਦਾਜਾ ਲਾਇਆ ਗਿਆ ਹੈ, ਜੋ ਉਸ ਦੇ ਯੁੱਗ ਵਿੱਚ ਬੇਮਿਸਾਲ ਸੀ।

**ਖੇਡਣ ਦਾ ਅੰਦਾਜ਼ ਅਤੇ ਵਿਰਾਸਤ**

ਧਿਆਨ ਚੰਦ ਦਾ ਖੇਡਣ ਦਾ ਅੰਦਾਜ਼ ਅਕਸਰ ਜਾਦੂਈ ਕਿਹਾ ਜਾਂਦਾ ਸੀ। ਉਹ ਇੰਨਾ ਸੁਗਮਤਾ ਨਾਲ ਡ੍ਰਿਬਲ ਕਰਦਾ ਸੀ ਕਿ ਬਹੁਤ ਸਾਰੇ ਦਰਸ਼ਕਾਂ ਨੂੰ ਮਹਿਸੂਸ ਹੁੰਦਾ ਸੀ ਕਿ ਗੇਂਦ ਉਸ ਦੇ ਸਟਿਕ ਨਾਲ ਚਿਪਕੀ ਹੋਈ ਹੈ। ਮੈਦਾਨ 'ਤੇ ਉਸ ਦੀ ਦ੍ਰਿਸ਼ਟੀ,



ਵਿਰੋਧੀਆਂ ਦੀਆਂ ਚਾਲਾਂ ਦਾ ਅੰਦਾਜ਼ਾ ਲਗਾਉਣਾ ਅਤੇ ਅਸੰਭਵ ਕੋਣਾਂ ਤੋਂ ਗੋਲ ਕਰਨ ਦੀ ਸਮਰੱਥਾ ਨੇ ਉਸ ਨੂੰ ਵਿਸ਼ਵ ਪੱਧਰ 'ਤੇ ਪ੍ਰਸਿੱਧ ਬਣਾਇਆ। ਉਸ ਦੇ ਵਿਰੋਧੀਆਂ ਨੇ ਵੀ ਮੈਚਾਂ ਦੌਰਾਨ ਉਸ ਦਾ ਹਾਕੀ ਸਟਿਕ ਨੂੰ ਤੋੜ ਦਿੱਤਾ ਤਾਂ ਜੋ ਇਹ ਜਾਂਚ ਸਕਣ ਕਿ ਇਸ ਵਿੱਚ ਚੁੰਬਕ ਤਾਂ ਨਹੀਂ ਲੁਕੇ ਹੋਏ ਸਨ।

**ਪਛਾਣ ਅਤੇ ਇੱਜ਼ਤ**

ਕਈ ਸੀਮਿਤ ਸਾਧਨਾਂ ਅਤੇ ਪਛਾਣ ਦੇ ਬਾਵਜੂਦ ਮੇਜ਼ਰ ਧਿਆਨ ਚੰਦ ਦਾ ਦਰਜਾ ਸਮੇਂ ਦੇ ਨਾਲ ਨਾਲ ਬਹੁਤ ਵੱਧ ਗਿਆ ਹੈ। 1956 ਵਿੱਚ ਉਹਨਾਂ ਨੂੰ ਪਦਮਾ ਭੂਸ਼ਣ, ਭਾਰਤ ਦਾ ਤੀਜਾ ਸਭ ਤੋਂ ਉੱਚਾ ਨਾਗਰੀਕ ਇਨਾਮ ਦਿੱਤਾ ਗਿਆ। ਅੱਜ ਵੀ ਉਹ ਨਾ ਸਿਰਫ ਇੱਕ ਖਿਡਾਰੀ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ, ਸਗੋਂ ਨਿਮ੍ਰਤਾ, ਅਹਿੰਸਾ ਅਤੇ ਅਨੁਸ਼ਾਸਨ ਦਾ ਪ੍ਰਤੀਕ ਵੀ ਹਨ। 2021 ਵਿੱਚ, ਪ੍ਰਸਿੱਧ ਖੇਲ ਰਤਨ ਇਨਾਮ, ਭਾਰਤ ਦਾ ਸਭ ਤੋਂ ਉੱਚੇ ਖੇਡ ਇਨਾਮ ਨੂੰ ਮੇਜ਼ਰ ਧਿਆਨ ਚੰਦ ਖੇਲ ਰਤਨ ਇਨਾਮ ਦੇ ਨਾਂ 'ਤੇ ਮੁੜ ਨਾਮਾਂਕਿਤ ਕੀਤਾ ਗਿਆ, ਜਿਸ ਨਾਲ ਇਹ ਯਕੀਨੀ ਬਣਾਇਆ ਗਿਆ ਕਿ ਉਸ ਦੀ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ।

**ਰਾਸ਼ਟਰੀ ਖੇਡ ਦਿਵਸ**

ਹਾਕੀ ਖੇਡ ਪ੍ਰਤੀ ਉਸ ਦੇ ਬੇਮਿਸਾਲ ਯੋਗਦਾਨ ਦੇ ਸਨਮਾਨ ਵਜੋਂ, 29 ਅਗਸਤ, ਧਿਆਨ ਚੰਦ ਦੀ ਜਨਮ ਜਯੰਤੀ ਨੂੰ ਭਾਰਤ ਵਿੱਚ ਰਾਸ਼ਟਰੀ ਖੇਡ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

ਇਹ ਦਿਨ ਕਈ ਉਦੇਸ਼ਾਂ ਨੂੰ ਪੂਰਾ ਕਰਦਾ ਹੈ:

1. ਧਿਆਨ ਚੰਦ ਦੀ ਖੇਡ ਵਿਰਾਸਤ ਨੂੰ ਯਾਦ ਕਰਨਾ।
2. ਹਰ ਰੋਜ਼ ਦੀ ਜਿੰਦਗੀ ਵਿੱਚ ਖੇਡਾਂ ਅਤੇ ਫਿਟਨੈੱਸ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਉਣਾ।

ਇਸ ਦਿਨ ਭਾਰਤ ਦੇ ਸਤਿਕਾਰਯੋਗ ਰਾਸ਼ਟਰਪਤੀ ਜੀ ਖਿਡਾਰੀਆਂ ਅਤੇ ਕੋਚਾਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਅਤੇ ਪ੍ਰਦਰਸ਼ਨ ਲਈ ਅਰਜੁਨ ਇਨਾਮ, ਦਰੋਣਾਚਾਰੀਆ ਇਨਾਮ ਅਤੇ ਮੇਜ਼ਰ ਧਿਆਨ ਚੰਦ ਖੇਲ ਰਤਨ ਇਨਾਮ ਵਰਗੇ ਪ੍ਰਸਿੱਧ ਖੇਡ ਇਨਾਮ ਦਿੰਦੇ ਹਨ। ਇਸ ਤਰ੍ਹਾਂ ਰਾਸ਼ਟਰੀ ਖੇਡ ਦਿਵਸ ਇੱਕ ਪੁਰਾਣੇ ਹਾਕੀ ਮਾਹਿਰ ਖਿਡਾਰੀ ਨੂੰ ਸਨਮਾਨਿਤ ਕਰਨ ਦੇ ਨਾਲ-ਨਾਲ ਖੇਡਾਂ ਦੀ ਏਕਤਾ ਦੀ ਸ਼ਕਤੀ ਨੂੰ ਯਾਦ ਕਰਨ ਦਾ ਮੌਕਾ ਵੀ ਪ੍ਰਦਾਨ ਕਰਦਾ ਹੈ ਜੋ ਕਿਸੇ ਦੇਸ਼ ਦੀ ਪਛਾਣ ਅਤੇ ਆਸ਼ਾਵਾਂ ਨੂੰ ਸਜੀਵ ਰੂਪ ਦੇਣ ਵਿੱਚ ਮਦਦ ਕਰਦਾ ਹੈ। ਮੇਜ਼ਰ ਧਿਆਨ ਚੰਦ ਸਿਰਫ਼ ਇੱਕ ਹਾਕੀ ਖਿਡਾਰੀ ਨਹੀਂ ਸਨ ਉਹ ਇਕ ਹਾਕੀ ਖੇਡ ਕਲਾ ਵਿੱਚ ਜਾਦੂਗਰ ਦਾ ਦਰਜ਼ਾ ਹਾਸਲ ਕਰਨ ਵਾਲਾ, ਆਪਣੇ ਦੇਸ਼ ਦੀ ਇੱਜ਼ਤ ਲਈ ਖੇਡਣ ਵਾਲਾ ਦੇਸ਼ ਭਗਤ ਅਤੇ ਇੱਕ ਲੀਜੈਂਡ ਸਨ, ਜਿਸਦਾ ਨਾਮ ਭਾਰਤੀ ਹਾਕੀ ਨਾਲ ਅਟੁੱਟ ਜੁੜਿਆ ਹੋਇਆ ਹੈ। ਉਸ ਦਾ ਜੀਵਨ ਨੌਜਵਾਨ ਖਿਡਾਰੀਆਂ ਨੂੰ ਸ਼ਾਨਦਾਰ ਪ੍ਰਾਪਤੀਆਂ ਲਈ ਪ੍ਰੇਰਿਤ ਕਰਦਾ ਹੈ ਅਤੇ ਖੇਡਾਂ ਦੀ ਆਤਮਿਕਤਾ ਨੂੰ ਕਾਇਮ ਰੱਖਣ ਲਈ ਉਤਸ਼ਾਹਿਤ ਕਰਦਾ ਹੈ। ਰਾਸ਼ਟਰੀ ਖੇਡ ਦਿਵਸ ਨੂੰ ਧਿਆਨ ਚੰਦ ਦੀ ਜਨਮ ਜਯੰਤੀ ਦੇ ਤੌਰ ਤੇ ਮਨਾਉਂਦਿਆਂ, ਭਾਰਤ ਨਾ ਸਿਰਫ਼ ਉਸ ਦੇ ਯੋਗਦਾਨ ਨੂੰ ਸਨਮਾਨਿਤ ਕਰਦਾ ਹੈ, ਸਗੋਂ ਇਹ ਸੁਨੇਹਾ ਵੀ ਮਜ਼ਬੂਤ ਕਰਦਾ ਹੈ ਕਿ ਖੇਡਾਂ ਵਿਦਿਆਰਥੀਆਂ ਦੇ ਸਾਮੂਹਿਕ ਵਿਕਾਸ ਲਈ ਜਰੂਰੀ ਅਤੇ ਅਹਿਮ ਹਨ ਅਤੇ ਖੇਡਾਂ ਦੇਸ਼ ਦੀ ਇੱਜ਼ਤ ਲਈ ਜਰੂਰੀ ਹਨ। ਧਿਆਨ ਚੰਦ ਦੀ ਯਾਦ ਵਿੱਚ ਦੇਸ਼ ਹਾਕੀ ਦੇ ਹੁਨਰਾਂ ਦੀ ਜਾਦੂਗਰੀ, ਟੀਮਵਰਕ ਦੀ ਮਹਿਮਾ ਅਤੇ ਸਮੱਰਪਣ ਦੀ ਅਟਲ ਸ਼ਕਤੀ ਨੂੰ ਯਾਦ ਕਰਦਾ ਹੈ।

**ਸੁਰਿੰਦਰਪਾਲ ਸਿੰਘ**
**ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**

# ਨਾ ਕੋ ਹਿੰਦੂ ਨਾ ਕੋ ਮੁਸਲਮਾਨ

ਗੁਰੂ ਨਾਨਕ ਦੇਵ ਸਾਹਿਬ ਜੀ ਦੀਆਂ ਨਜ਼ਰਾਂ ਵਿੱਚ ਨਾ ਕੋਈ ਹਿੰਦੂ ਹੈ ਅਤੇ ਨਾ ਕੋਈ ਮੁਸਲਮਾਨ ਸਭ ਹਨ ਇਨਸਾਨ ਅਤੇ ਇਕ ਸਾਮਾਨ । ਸਨਾਤਨ (ਹਿੰਦੂ) ਮੱਤ ਦੀ ਪੂਰੀ ਕੋਸ਼ਿਸ਼ ਹੈ ਸਿੱਖਾਂ ਨੂੰ ਆਪਣੇ ਵਿੱਚ ਜਜ਼ਬ ਕਰ ਲੈਣ ਦੀ ਦੂਸਰਾ ਦੁਨੀਆਂ ਭਰ ਦੇ ਮੁਲਕਾਂ ਵਿੱਚ ਸਿੱਖਾਂ ਦੇ ਪਹਿਰਾਵੇ ਨੂੰ ਵੇਖ ਕੇ ਮੁਸਲਮਾਨ ਸਮਝਿਆ ਜਾਂਦਾ ਹੈ । ਪੰਜ ਛੇ ਸਾਲ ਪਹਿਲਾਂ ਦਾ ਵਾਕਿਆ ਹੈ ਮੇਰਾ ਸੈਰ ਕਰਨ ਦਾ ਰਸਤਾ ਮਸਜਦ ਦੇ ਸਾਹਮਣੇ ਤੋਂ ਗੁਜ਼ਰਨ ਕਰਕੇ ਇੱਕ ਦਿਨ ਸ਼ੁੱਕਰਵਾਰ ਇੱਕ ਨਮਾਜ਼ੀ ਨੇ ਮੈਨੂੰ ਸਵਾਲ ਕੀਤਾ, Are you a Mohammedan ? ਜਵਾਬ ਸੀ No I am a Sikh . During conversation I told him as your prophet is Mohammad sahib, Sikh's prophet is Guru Nanak sahib more over Sikh religion is modern, latest and reform stage of Hinduism and Mohammedan's religions . . ਗੁਰਬਾਣੀ ਦਾ ਸ਼ਬਦ ਹੈ , ਨ ਹਮ ਹਿੰਦੂ ਨ ਮੁਸਲਮਾਨ । ਸੋ ਵਿਚਾਰਾਂ ਦੀ ਸਾਂਝ ਹੈ ।

ਦੋ ਸਾਖੀਆਂ:— (ੳ) ਬਾਬੇ ਨਾਨਕ ਦਾ ਵੇਈਂ ਨਦੀ ਵਿੱਚ ਇਸ਼ਨਾਨ ਕਰਨਾ ।

ਗੁਰੂ ਨਾਨਕ ਸਾਹਿਬ ਨੂੰ ਭੈਣ ਨਾਨਕੀ ਸਾਬੋ ਕੀ ਤਲਵੰਡੀ ਤੋਂ ਸੁਲਤਾਨ ਪੁਰ ਲੋਧੀ ਲੈ ਆਈ , ਭਣਵਈਆ ਜੈ ਰਾਮ ਜੀ ਨੇ ਨਾਨਕ ਜੀ ਨੂੰ ਸੁਲਤਾਨ ਦੇ ਮੋਦੀਖ਼ਾਨੇ ਵਿੱਚ ਨੌਕਰੀ ਤੇ ਲਗਵਾ ਦਿੱਤਾ । ਨਾਨਕ ਰੋਜ਼ਾਨਾ ਅੰਮ੍ਰਿਤਵੇਲੇ ਵੇਈਂ ਨਦੀ ਵਿੱਚ ਇਸ਼ਨਾਨ ਕਰਦਾ, ਬੇਰੀ ਥੱਲੇ ਬੈਠ ਰੱਬ ਦਾ ਸਿਮਰਨ ਕਰਦਾ, ਫਿਰ ਸੱਚੇ ਮਨ ਨਾਲ ਡਿਊਟੀ ਕਰਦੇ । ਇੱਕ ਦਿਨ ਨਦੀ ਵਿੱਚ ਇਸ਼ਨਾਨ ਕਰਨ ਲਈ ਗਏ, ਨਾ ਬਾਹਰ ਨਿਕਲੇ ਅਤੇ ਡਿਊਟੀ ਤੋਂ ਵੀ ਗੈਰਹਾਜ਼ਰ ਹੋਣ ਤੇ ਪੂਰੇ ਸ਼ਹਿਰ ਵਿੱਚ ਰੌਲਾ ਪੈਗਿਆ ਕਿ ਨਾਨਕ ਨਦੀ ਵਿੱਚ ਡੁੱਬ ਗਏ ਨੇ । ਕੋਈ ਕਹਿ ਰਿਹਾ ਸੀ ਮੋਦੀਖ਼ਾਨੇ ਵਿੱਚ ਘਾਟਾ ਪੈਣ ਕਾਰਨ ਆਤਮ ਹੱਤਿਆ ਕਰ ਗਿਆ ਹੈ । ਬੇਬੇ ਨਾਨਕੀ ਨੇ ਸਭ ਅਫਵਾਹਾਂ ਨੂੰ ਝੂਠਾ ਦਸਿਆ ਤੇ ਕਿਹਾ ਮੇਰਾ ਵੀਰ ਰੱਬੀ ਨੂਰ ਹੈ, ਨਦੀ ਵਿੱਚ ਡੁੱਬ ਨਹੀਂ ਸਕਦਾ ।ਤੀਸਰੇ ਦਿਨ ਅਕਾਲ ਪੁਰਖ ਦੀ ਦਰਗਾਹ ਤੋਂ ਗਿਆਨ ਪ੍ਰਾਪਤ ਕਰਕੇ ਅਤੇ ਮੂਲ-ਮੰਤਰ ਲੈ ਕੇ ਨਦੀ ਵਿੱਚੋਂ ਬਾਹਰ ਨਿਕਲੇ । ਘਰ ਨੂੰ ਆਉਂਦੇ ਵੇਖ ਸਭ ਲੋਕ ਹੈਰਾਨ ਸਨ ਬਾਬਾ ਨਾਨਕ ਉੱਚੀ ਉੱਚੀ ਬੋਲ ਰਹੇ ਸਨ, " ਨਾ ਕੋ ਹਿੰਦੂ ਨਾ ਕੋ ਮੁਸਲਮਾਨ," , ਨਾ ਕੋ ਹਿੰਦੂ ਨਾ ਮੁਸਲਮਾਨ ," । ਬਾਬੇ ਨਾਨਕ ਜੀ ਦੀ ਕਾਜ਼ੀਆਂ ਨੇ ਪ੍ਰੀਖਿਆ ਵੀ ਲਈ ।

(ਅ) ਫ਼ਕੀਰ ਭੀਖਨ ਸ਼ਾਹ ਦੇ ਬਾਲਕ ਗੋਬਿੰਦ ਰਾਏ ਦੇ ਦਰਸ਼ਨ ਕਰਨਾ ।

ਬਿਹਾਰ ਦੀ ਰਾਜਧਾਨੀ ਪਟਨੇ ਸਾਹਿਬ ਜਦੋਂ ਗੁਰੂ ਨਾਨਕ ਦੀ ਦਸਵੀਂ ਜੋਤ ਬਾਲਕ ਗੋਬਿੰਦ ਰਾਏ ਨੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਗ੍ਰਹਿ ਵਿਖੇ ਪ੍ਰਕਾਸ਼ ਧਾਰਿਆ ਤਾਂ ਅੰਬਾਲੇ ਦੇ ਮੁਸਲਮਾਨ ਫ਼ਕੀਰ ਭੀਖਨ ਸ਼ਾਹ ਜੀ ਨੇ ਸਜਦਾ ਪੱਛਮ ਦੀ ਤਰਫ ਕਰਨ ਦੀ ਬਜਾਏ ਪੂਰਬ ਦੀ ਦਿਸ਼ਾ ਚੜ੍ਹਦੇ ਵੱਲ ਕੀਤਾ ਤਾਂ ਚੇਲਿਆਂ ਨੇ ਸਵਾਲ ਕੀਤਾ ਫ਼ਕੀਰ ਜੀ ਅੱਜ ਉਲਟ ਪਾਸੇ ਕਿਉਂ ਸਿਜ਼ਦਾ ਕੀਤਾ ਤਾਂ ਜਵਾਬ ਸੀ ਅੱਜ ਇੱਕ ਰੱਬੀ ਨੂਰ ਦਾ ਪ੍ਰਕਾਸ਼ ਇਸ ਧਰਤੀ ਦੇ ਪੂਰਬ ਤਰਫੋਂ ਨਜ਼ਰ ਆਇਆ ਹੈ, ਚਲੋ ਦਰਸ਼ਨ ਕਰਕੇ ਆਈਏ । ਫ਼ਕੀਰ ਜੀ ਨੇ ਪਟਨਾ ਸਾਹਿਬ ਸ਼ਹਿਰ ਵੱਲ ਨੂੰ ਚਾਲੇ ਪਾ ਦਿੱਤੇ । ਪੈਦਲ ਯਾਤਰਾ ਕਰਦੇ ਪੜ੍ਹਾ ਦਰ ਪੜਾ ਠਹਿਰਦੇ ਤੇ ਚਲਦੇ ਹੋਏ ਰਸਤੇ ਵਿੱਚ ਵਿਚਾਰ ਆਇਆ ਕਿ ਕਿਉਂ ਨਾ ਦੋ ਕੁਝੀਆਂ ਲਈਆਂ ਜਾਣ, ਇੱਕ ਮੁਸਲਮਾਨਾਂ ਦੇ ਨਾਮ ਤੇ ਦੂਸਰੀ ਹਿੰਦੂਆਂ ਦੇ ਨਾਮ ਦੀ, ਇਹ ਜਾਨਣ ਲਈ ਕਿ ਇਹ ਬਾਲਕ ਹਿੰਦੂਆਂ ਪੱਖੀ ਹੋਵੇਗਾ ਜਾਂ ਮੁਸਲਮਾਨਾਂ ਪੱਖੀ ? ਪਟਨੇ ਸਾਹਿਬ ਪਹੁੰਚਣ ਤੇ ਬਾਲਕ ਗੋਬਿੰਦ ਦੇ ਦਰਸ਼ਨ ਕਰਨ ਦੀ ਬੇਨਤੀ ਕੀਤੀ । ਬਾਲਕ ਦੇ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਆਸਾਮ ਦੇ ਦੌਰੇ ਤੇ ਸਨ ਸੋ ਪਰਵਾਰ ਦੇ ਮੈਂਬਰਾਂ ਨੇ ਨਾਂਹ ਕਰ ਦਿੱਤੀ । ਫ਼ਕੀਰ ਜੀ ਦਰਵਾਜ਼ੇ ਅੱਗੇ ਬੈਠ ਗਏ ਅਤੇ ਕਿਹਾ ਕਿ ਮੈਂ ਦਰਸ਼ਨ ਕਰਨ ਤੋਂ ਬਿਨਾਂ ਨਹੀਂ ਜਾਵਾਂਗਾ । ਫ਼ਕੀਰ ਜੀ ਦੀ ਸ਼ਰਧਾ ਅਤੇ ਹੱਠ ਨੂੰ ਵੇਖਦਿਆਂ ਹੋਇਆਂ ਜਿਵੇਂ ਹੀ ਮਾਮਾ ਕ੍ਰਿਪਾਲ ਦਾਸ ਬਾਲਕ ਗੋਬਿੰਦ ਰਾਏ ਨੂੰ ਫ਼ਕੀਰ ਜੀ ਪਾਸ ਲੈ ਕੇ ਆਏ, ਦਰਸ਼ਨ ਕੀਤੇ ਤਾਂ ਭੀਖਨ ਸ਼ਾਹ ਜੀ ਨੇ ਦੋਵੇਂ ਕੁਝੀਆਂ ਬਾਲਕ ਅੱਗੇ ਕਰ ਦਿੱਤੀਆਂ, ਬਾਲਕ ਗੋਬਿੰਦ ਨੇ ਆਪਣੇ ਦੋਵੇਂ ਹੱਥਾਂ ਨੂੰ ਦੋਹਾਂ ਕੁਝੀਆਂ ਤੇ ਰੱਖਿਆ ਹੀ ਸੀ ਕਿ ਮੁਸਲਮਾਨ ਫ਼ਕੀਰ ਦੇ ਚਿਹਰੇ ਉੱਤੇ ਖੁਸ਼ੀਆਂ ਆਈਆਂ ਤੇ ਜ਼ੋਰ ਨਾਲ ਬੋਲਿਆ," ਐ ਅੱਲ੍ਹਾ ਪਰਵਰਦਗਾਰ ਮੇਰਾ ਸ਼ੰਕਾ ਦੂਰ ਹੂਆ ,"ਇਹ ਬਾਲਕ ਵੱਡਾ ਹੋ ਕੇ ਸਭ ਧਰਮਾਂ ਦਾ ਸਤਿਕਾਰ ਕਰੇਗਾ,ਸੱਚ ਵਾਸਤੇ ਯੁੱਧ ਵੀ ਲੜੇਗਾ ਅਤੇ ਬਾਬੇ ਨਾਨਕ ਦੀ ਵਿਚਾਰਧਾਰਾ ਨੂੰ ਚਾਰ ਚੰਨ ਲਾਵੇਗਾ ।

ਆਓ ਵਿਚਾਰ ਕਰੀਏ , ਗੁਰੂ ਗ੍ਰੰਥ ਸਾਹਿਬ ਇਸ ਬਾਰੇ ਕੀ ਕਹਿੰਦੇ ਨੇ ।

(1) (ੳ) ਭਗਤ ਕਬੀਰ ਜੀ :—

ਹਿੰਦੂ ਤੁਰਕ ਕਹਾਂ ਤੇ ਆਏ ਕਿਨਿ ਏਹ ਰਾਹ ਚਲਾਈ ॥
ਦਿਲ ਮਹਿ ਸੋਚਿ ਬਿਚਾਰ ਕਵਾਦੇ ਭਿਸਤ ਦੋਜਕ ਕਿਨਿ ਪਾਈ ॥ ਅੰਗ 477

(ਅ) ਬੁੱਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥੧॥. ਅੰਗ 654

(ੲ) ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਾਉਰ ਮੁਕਾਮਾ ॥. ਅੰਗ 1354

(ਸ) ਹਮਰਾ ਝਗਰਾ ਰਹਾ ਨ ਕੋਊ ॥
ਪੰਡਿਤ ਮੁੱਲਾਂ ਛਾਡੇ ਦੋਊ ॥੧॥
ਪੰਡਿਤ ਮੁੱਲਾਂ ਜੋ ਲਿਖਿ ਦੀਆ ॥
ਛਾਡਿ ਚਲੇ ਹਮ ਕਛੂ ਨ ਲੀਆ ॥੩॥. ਅੰਗ 1159

(ਹ) ਭੈਰਉ ਮਹੱਲਾ ਪੰਜਵਾਂ (ਪੰਜਵੇਂ ਨਾਨਕ) :—

ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਧਾਨਾ ॥੧॥
ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੋਹਾਂ ਨਬੇਰਾ॥੧॥ ਰਹਾਉ ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੂ ਨ ਦੂਜਾ ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥
ਨ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡ ਪਰਾਨ ॥੪॥. ਅੰਗ 1136

(ਕ) ਭਗਤ ਨਾਮ ਦੇਵ ਜੀ :—

ਹਿੰਦੂ ਅਨ੍ਹਾਂ ਤੁਰਕੂ ਕਾਣਾ ॥ਦੋਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੇ ਦੇਹੁਰਾ ਮੁਸਲਮਾਣੁ ਮਸੀਤ ॥ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾਂ ਮਸੀਤਿ ॥
ਅੰਗ 875

(2) ਗੁਰੂ ਗੋਬਿੰਦ ਸਿੰਘ ਸਾਹਿਬ:-

ਕੋਊ ਭਇਓ ਮੁੰਡੀਆ ਸਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਾਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਭੇ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥
ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਓ ਹੈ ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਕ ਸੋਈ ਪੁਰਾਨ ਔ ਕੁਰਾਨ ਓਈ ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ ॥
ਪੰਨਾ 19 ਆਕਾਲ ਉਸਤਤੀ ਦਸਮ ਗ੍ਰੰਥ ।

(3) ਭਾਈ ਗੁਰਦਾਸ ਜੀ:—.

ਪੁਛਨਿ ਗੱਲ ਈਮਾਨ ਦੀ ਕਾਜ਼ੀ ਮੁਲਾਂ ਇਕੱਠੇ ਹੋਈ ।
ਵੱਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤੀ ਕੋਈ ।
ਪੁਛਨਿ ਖੋਲ੍ਹ ਕਿਤਾਬ ਨੋ ਹਿੰਦੂ ਵੱਡਾ ਕਿ ਮੁਸਲਮਾਨੋਈ ॥
ਬਾਬਾ ਆਖੇ ਹਾਜ਼ੀਆ ਸ਼ੁਭਿ ਅਮਲਾ ਬਾਝੋਂ ਦੋਨੋ ਰੋਈ ॥
ਵਾਰ ਪਹਿਲੀ ਪਾਊੜੀ 33ਵੀਂ

ਗੁਰੂ ਗ੍ਰੰਥ ਸਾਹਿਬ ਜੀ, ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਸੈਂਕੜੇ ਨਾਮ ਸਨਾਤਨੀ(ਹਿੰਦੂ) ਮੱਤ ਦੇ ਦੇਵਤਿਆਂ ਅਵਤਾਰਾਂ ਰਿਸ਼ੀਆਂ ਰਾਜਿਆਂ ਰੀਤੀ-ਰਿਵਾਜਾਂ ਅਤੇ ਧਾਰਮਿਕ ਦਿਨ-ਦਿਹਾੜਿਆਂ ਦੇ ਹਨ । ਸੋ ਇਸੇ ਤਰ੍ਹਾਂ ਮੁਸਲਮਾਨ ਧਰਮ ਦੇ ਵੀ ਸੈਂਕੜੇ ਨਾਮ ਦਰਜ ਹਨ ਜਿਵੇਂ :—

ਮੁਸਲਮਾਨ ਧਰਮ ਦੇ ਨਾਮ:— ਤੁਰਕ ਦੋਜਕ ਅਲਹ, ਮੁੱਲਾਂ , ਰਮਦਾਨਾ(ਰਮਜ਼ਾਨ) ਹੱਜ,ਨਵਾਜ, ਮਸੀਤ,ਇਮਾਮ, ਕੁਰਾਨ, ਰਹੀਮ ,ਕਾਬਾ,ਮਕਾ ਆਦਿ ।

ਸਨਾਤਨ ਧਰਮ ਦੇ ਨਾਮ:— ਹਿੰਦੂ,ਭਿਸਤ(ਸਵਰਗ),ਹਰਿ ਹਰੀ ਰਾਮ,ਪੰਡਤ,ਵਰਤ,ਤੀਰਥ,ਪੂਜਾ,ਦੇਹੁਰਾ (ਮੰਦਿਰ),ਦੇਵਤਾ, ਪੁਰਾਨ , ਵੇਦ , ਕ੍ਰਿਸ਼ਨ ਸੁਦਾਮਾ ,ਰਾਮ ਚੰਦਰ ਰਾਵਣ,ਬਨਾਰਸ ਅਤੇ ਗੰਗਾ ਆਦਿ ।

ਹੋਰ ਵੀ ਕਈ ਸੰਸਥਾਵਾਂ ਜੋਗ ਮਤ ਅਤੇ ਸਨਿਆਸੀ ਮਤ ਆਦਿ ਦੇ ਸ਼ਬਦਾਂ ਨੂੰ ਵੀ ਗੁਰਬਾਣੀ ਵਿੱਚ ਵਰਤਿਆ ਗਿਆ ਹੈ ।ਉੱਪਰ ਦੱਸੇ ਅਨੁਸਾਰ ਸਾਫ ਹੋ ਜਾਂਦਾ ਹੈ ਕਿ ਬਾਬੇ ਨਾਨਕ ਜੀ ਦਾ ਚਲਾਇਆ ਹੋਇਆ ਧਰਮ ਸਰਿਸ਼ਟੀ ਦੇ ਸਾਰੇ ਇਨਸਾਨਾਂ/ਧਰਮਾਂ ਵਾਸਤੇ ਸਾਂਝਾ ਹੈ, ਫੋਕਟ ਕਰਮ ਕਾਂਡਾਂ ਦਾ ਵੀ ਜ਼ੋਰਦਾਰ ਖੰਡਨ ਕਰਦਾ ਹੈ । ਸੋ ਆਓ ਜਾਤਾਂ ਪਾਤਾਂ ਦੇ ਚਕਰ ਚੋਂ ਬਾਹਰ ਨਿਕਲੀਏ, ਕੱਟੜ ਪੰਥੀ ਧਾਰਮਿਕ ਸੰਸਥਾਵਾਂ ਤੋਂ ਖਹਿੜਾ ਛੁਡਾਈਏ ਅਤੇ ਗੁਰੂ ਨਾਨਕ ਸਾਹਿਬ ਜੀ ਦੀ ਫਿਲਾਸਫੀ ਜੋ ਇਸ ਸੰਸਾਰ ਉੱਪਰ ਵੱਸਦੇ ਸਭ ਇਨਸਾਨਾਂ ਦੇ ਭਲੇ ਵਾਸਤੇ ਹੈ, ਉਸਦਾ ਹੀ ਪ੍ਰਚਾਰ ਕਰੀਏ ।

(4) ਇਤਿਹਾਸ ਵਿੱਚੋਂ:—-

(ੳ) ਪੰਜਾਬ ਨਾਂ ਹਿੰਦੂ ਨਾਂ ਮੁਸਲਮਾਨ, ਪੰਜਾਬ ਵਸਦਾ ਗੁਰਾਂ ਦੇ ਨਾਮ । ਪ੍ਰੋ : ਪੂਰਨ ਸਿੰਘ

(ਅ) ਨਾਨਕ ਸ਼ਾਹ ਫ਼ਕੀਰ ਹਿੰਦੂਆਂ ਦਾ ਗੁਰੂ ਮੁਸਲਮਾਨਾਂ ਦਾ ਪੀਰ । ਆਮ ਕਹਾਵਤ ਹੈ ।

(ੲ) ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਵੇਲੇ ਸਿਰਫ਼ ਚਿੱਟੀ ਚਾਦਰ ਮਿਲੀ ਸਿੱਖਾਂ ਨੇ ਅੱਧੀ ਚਾਦਰ ਦਾ ਸਸਕਾਰ ਕੀਤਾ ਅਤੇ ਮੁਸਲਮਾਨਾਂ ਨੇ ਦਫ਼ਨਾਇਆ । ਕਰਤਾਰ ਪੁਰ (ਪਾਕਿ) ਅੱਜ ਵੀ ਬਾਬੇ ਨਾਨਕ ਦੀ ਮਜ਼ਾਰ ਹਾਜ਼ਰ ਹੈ

(ਸ) ਮੂਰਤੀ ਪੂਜਕ ਸਨਾਤਨੀਆਂ (ਹਿੰਦੂਆਂ) ਨੂੰ ਮੁਸਲਮਾਨ ਕਾਫ਼ਰ ਆਖਦੇ ਹਨ ਅਤੇ ਮੁਸਲਮਾਨਾਂ ਨੂੰ ਹਿੰਦੂ ਮਲੇਸ਼ ਆਖਦੇ ਹਨ । ਸਿੱਖ ਨਫ਼ਰਤੀ ਸ਼ਬਦ ਕਾਫ਼ਰ ਅਤੇ ਮਲੇਸ਼ ਦੋਵਾਂ ਤੋਂ ਵੱਖ ਹਨ ।

(ਹ) ਹਿੰਦੂ ਸਿਰ ਦੇ ਵਾਲ ਕੱਟਦੇ, ਦਾੜ੍ਹੀ ਮੁੱਛਾਂ ਰੋਜ਼ਾਨਾ ਸ਼ੇਵ ਕਰਦੇ ਹਨ । ਕੱਟੜ ਮੁਸਲਮਾਨ ਸਿਰ ਦੇ ਵਾਲ ਕੱਟਦੇ, ਦਾੜ੍ਹੀ ਚਾਰ ਤੋਂ ਛੇ ਇੰਚ (ਮੁੱਠੀ ਭਰ) ਰੱਖਦੇ , ਮੁੱਛਾਂ ਸ਼ੇਵ ਕਰਦੇ ਹਨ । ਸਿੱਖ ਰਹਿੰਦੇ ਹਨ ਸਾਬਤ ਸੂਰਤ ।

ਸਿੱਖਾਂ ਦੇ ਗੁਰੂ, ਗੁਰੂ ਗ੍ਰੰਥ ਸਾਹਿਬ ਵਿੱਚ ਹੀ ਹਿੰਦੂ , ਹਿੰਦੋਸਤਾਨ ਅਤੇ ਤੁਰਕ (ਮੁਸਲਮਾਨ)ਸ਼ਬਦ ਆਉਂਦੇ ਹਨ , ਇਹ ਸ਼ਬਦ ਵੇਦਾਂ, ਸ਼ਾਸਤਰਾਂ , ਗੀਤਾ ਆਦਿ ਧਾਰਮਿਕ ਗ੍ਰੰਥਾਂ ਵਿੱਚ ਨਹੀਂ ਹਨ । ਹਿੰਦੋਸਤਾਨ ਅਤੇ ਹਿੰਦੂ ਸ਼ਬਦ ਮੁਗਲਾਂ ਦੇ ਆਉਣ ਤੇ ਹੀ ਆਏ , ਇੰਡੀਆ ਨਾਮ ਅੰਗਰੇਜ਼ਾਂ ਦੇ ਰਾਜ ਵੇਲੇ ਮਿਲਿਆ ਸੋ ਦੇਸ਼ ਦਾ ਅਸਲੀ ਨਾਮ ਭਾਰਤ ਹੈ ।



ਭਜਨ ਸਿੰਘ ਪ੍ਰਦੇਸੀ,ਫੋਨ
1 513-290-9812.
Cincinnati Ohio USA

## ਡਾ. ਐਸ.ਪੀ. ਸਿੰਘ ਓਬਰਾਏ ਵਲੋਂ ਹੜ੍ਹ ਪੀੜਤਾਂ ਲਈ 1.5 ਕਰੋੜ ਰੁਪਏ ਦੀ ਰਾਸ਼ੀ ਕੀਤੀ ਜਾਰੀ

ਸੰਸਾਰ ਪ੍ਰਸਿੱਧ ਸਮਾਜ ਸੇਵੀ ਅਤੇ ਕਾਰੋਬਾਰੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵਲੋਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਲਈ 1.5 ਕਰੋੜ ਰੁਪਏ ਜਾਰੀ ਕੀਤੇ ਗਏ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਮਾਲਵਾ ਜੋਨ ਦੇ ਪ੍ਰਧਾਨ ਪ੍ਰੋ. ਜਸਵੰਤ ਸਿੰਘ ਬਰਾੜ ਨੇ ਦੱਸਿਆ ਕਿ ਜਦੋਂ ਵੀ ਕਦੇ ਪੰਜਾਬ ਅਤੇ ਪੰਜਾਬੀਆਂ ਤੇ ਔਖਾ ਸਮਾਂ ਆਇਆ ਤਾਂ ਡਾ. ਐਸ.ਪੀ. ਸਿੰਘ ਓਬਰਾਏ ਤਨੋ ਮਨੋ ਧਨੋ ਪੰਜਾਬੀਆਂ ਨਾਲ ਖੜ੍ਹੇ ਹਨ। ਜਦ ਹੀ ਇਸ ਵਾਰ ਪੰਜਾਬ ਹੜ੍ਹਾਂ ਦੀ ਲਪੇਟ 'ਚ ਆਇਆ ਤਾਂ ਡਾ. ਐਸ.ਪੀ. ਸਿੰਘ ਓਬਰਾਏ ਜੀ ਨੇ ਤੁਰੰਤ 1.5 ਕਰੋੜ ਰੁਪਏ



ਦੀ ਰਾਸ਼ੀ ਜਾਰੀ ਕਰਕੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਕਮਾਂਡ ਹੇਠ ਪੰਜਾਬ ਦੀਆਂ ਸਾਰੀਆਂ ਇਕਾਈਆਂ ਨੂੰ ਹੜ੍ਹ ਪੀੜਤਾਂ ਦੀ ਸੇਵਾ ਲਈ ਲਗਾ ਦਿੱਤਾ। ਵੱਖ-ਵੱਖ ਥਾਵਾਂ ਤੋਂ ਰਾਹਤ ਸਮੱਗਰੀ ਜਿਸ ਵਿਚ ਪਸ਼ੂਆਂ ਦਾ ਚਾਰਾ, ਰਾਸ਼ਨ ਕਿੱਟਾਂ, ਮੱਛਰਦਾਨੀਆਂ, ਕੰਬਲ, ਤਰਪਾਲਾਂ, ਸਾਫ ਪਾਣੀ, ਦਵਾਈਆਂ ਅਤੇ ਹੋਰ ਜਰੂਰੀ ਚੀਜਾਂ ਖਰੀਦ ਕੇ ਵੱਖ-ਵੱਖ ਹੜ੍ਹ ਪ੍ਰਭਾਵਿਤ ਜਿਲ੍ਹਿਆ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਜਿਲ੍ਹਾ ਇਕਾਈਆਂ ਰਾਹੀ ਪਹੁੰਚਾਇਆ ਜਾ ਰਿਹਾ ਹੈ। ਵੱਖ-ਵੱਖ ਜਿਲ੍ਹਿਆ ਦੇ ਡੀ.ਸੀ. ਸਾਹਿਬਾਨਾਂ ਵਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੂੰ ਰਾਹਤ ਸਮੱਗਰੀ ਲਈ ਭੇਜੇ ਬੇਨਤੀ ਪੱਤਰਾਂ ਮੁਤਾਬਿਕ ਸਹਾਇਤਾ ਸਮੱਗਰੀ ਪਹੁੰਚਾਈ ਜਾ ਰਹੀ ਹੈ। ਸਾਰੇ ਹੜ੍ਹ ਪ੍ਰਭਾਵਿਤ ਜਿਲ੍ਹਿਆ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਟੀਮਾਂ 24 ਘੰਟੇ ਸੇਵਾ ਵਿਚ ਤੈਨਾਤ ਹਨ।



# Samaj Weekly
# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook

samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com